# ਯਾਰਕ ਰੀਜਨ ਦੀ ਇਕ ਤਸਵੀਰ

ਯਾਰਕ ਰੀਜਨ ਬੜੇ ਹੀ ਅਦਭੁੱਤ ਢੰਗ ਨਾਲ ਬਦਲ ਰਿਹਾ ਹੈ। ਇਸ ਦੇ ਤੇਜ਼ ਵਿਕਾਸ ਦਰ ਦੀ ਅੰਸ਼ਕ ਵਜਹ ਇਸਦਾ ਟੁਰੰਟੋ ਸ਼ਹਿਰ ਦੇ ਨਜ਼ਦੀਕ ਸਥਿਤ ਹੋਣਾ ਹੈ। ਯਾਰਕ ਰੀਜਨ ਗ੍ਰੇਟਰ ਟੁਰੰਟੋ ਖੇਤਰ (GTA) ਦੀਆਂ ਪੰਜ ਮੋਹਰਲੀਆਂ ਮਓਿਂਸਪਲਟੀਆਂ ਵਿੱਚੋਂ ਇਕ ਹੈ। 1995 ਤੋਂ 2001 ਦੇ ਦੌਰਾਨ, ਗ੍ਰੇਟਰ ਟੁਰੰਟੋ ਖੇਤਰ (GTA) ਦੀ ਅਬਾਦੀ ਵਿਚ ਤਕਰੀਬਨ 500,000 ਦਾ ਵਾਧਾ ਹੋਇਆ; ਗ੍ਰੇਟਰ ਟੁਰੰਟੋ ਖੇਤਰ (GTA) ਵਿਚ ਸਭ ਤੋਂ ਵਧ ਵਿਕਾਸ ਦਰ ਯਾਰਕ ਰੀਜਨ ਦੀ ਸੀ, ਜਿਸ ਦੀ ਅਬਾਦੀ ਵਿਚ 180,000 ਦਾ ਵਾਧਾ ਹੋਇਆ।

ਸੰਨ 1999 ਤੋਂ ਯਾਰਕ ਦੀ ਰੀਜਨਲ ਮਓਿਂਸਪਲਟੀ ਨੇ ਸੇਵਾਵਾਂ ਦੀਆਂ ਵਧੇਰੀਆਂ ਜਿਮੇਂਵਾਰੀਆਂ ਲੈ ਲਈਆਂ ਹਨ ਅਤੇ ਇਸਦੇ ਬੱਜਟ ਦਾ 1993 ਵਿੱਚ $429 ਮਿਲੀਅਨ ਤੋਂ ਵੱਧਕੇ 2002 ਵਿਚ $1.2 ਬਿਲੀਅਨ ਹੋ ਜਾਣਾ ਇਹਨਾਂ ਨਵੀਆਂ ਜਿਮੇਂਵਾਰੀਆਂ ਨੂੰ ਦਰਸ਼ਾਉਂਦਾ ਹੈ।

ਰੀਜਨ ਇਹ ਮੁੱਖ ਕਾਰਜ ਚਲਾਉਂਦਾ ਹੈ।

- ਬੱਸ ਸੇਵਾ
- ਖੇਤਰੀ ਸੜਕਾਂ
- ਜਲ ਦਾ ਸੋਧ ਅਤੇ ਵਿਤਰਣ, ਗੰਦੇ ਪਾਣੀ ਦੀ ਸਫਾਈ
- ਕੂੜੇ ਦਾ ਨਿਪਟਾਰਾ
- ਸਮਾਜਿਕ ਸਹਾਇਤਾ (ਓਂਟਾਰਿਓ ਵਰਕਸ)
- ਪਰਵਾਰ ਅਤੇ ਬੱਚਿਆਂ ਲਈ ਸੇਵਾਵਾਂ
- ਸਮਾਜਿਕ ਘਰ ਅਤੇ ਰਿਹਾਇਸ਼ੀ ਸੇਵਾਵਾਂ
- ਲੰਬੇ ਸਮੇ ਲਈ ਦੇਖਭਾਲ
- ਜਨਸਿਹਤ
- ਅਮਰਜੇਂਸੀ ਮੇਡੀਕਲ ਸੇਵਾਵਾਂ
- ਪੁਲੀਸ
- ਮਹੱਤਵਾਕਾਂਖੀ ਵਿਓਂਤਬੰਦੀ
- ਮਨੁਖੀ ਸੇਵਾਵਾਂ ਦੀ ਵਿਓਂਤਬੰਦੀ
- ਆਰਥਿਕ ਵਿਕਾਸ
- ਵਪਾਰਕ ਸੰਸਥਾਨਾਂ ਲਈ ਵਿੱਤੀ, ਕਾਨੂਨੀ ਅਤੇ ਤਕਨੀਕੀ ਸੇਵਾਵਾਂ

## ਯਾਰਕ ਦੀ ਰੀਜਨਲ ਸਰਕਾਰ

ਯਾਰਕ ਦੀ ਰੀਜਨਲ ਮਓਿਂਸਪਲਟੀ ਜਨਵਰੀ 1, 1971 ਨੂੰ ਓਂਟਾਰਿਓ ਪ੍ਰਾਂਤ ਦੁਆਰਾ ਬਣਾਈ ਗਈ ਸੀ ਅਤੇ ਇਹ ਪ੍ਰਾਂਤ ਦੀਆਂ ਛੇ ਰੀਜਨਲ ਮਓਿਂਸਪਲਟੀਆਂ ਵਿੱਚੋਂ ਇਕ ਹੈ। ਯਾਰਕ ਰੀਜਨਲ ਕੌਂਸਲ ਵਿਚ 20 ਮੈਂਬਰ ਹਨ (19 ਮੈਂਬਰ ਅਤੇ ਚੇਅਰ)। ਖੇਤਰੀ ਮਓਿਂਸਪਲਟੀਆਂ ਦੇ ਮੇਅਰ ਤੇ ਰੀਜਨਲ ਕੌਂਸਲਰ ਦੋਨੋਂ ਖੇਤਰੀ ਮਓਿਂਸਪਲਟੀਆਂ ਅਤੇ ਰੀਜਨਲ ਕੌਂਸਲਾਂ ਦੇ ਮੈਂਬਰ ਹੁੰਦੇ ਹਨ। ਯਾਰਕ ਰੀਜਨਲ ਕੌਂਸਲ ਦੇ ਮੈਂਬਰ ਕੌਂਸਲ ਦੀ ਪਹਿਲੀ ਬੈਠਕ ਵਿੱਚ ਰੀਜਨਲ ਚੇਅਰ ਦੀ ਤਿੰਨ-ਸਾਲਾ ਮਿਆਦ ਲਈ ਚੋਣ ਕਰਦੇ ਹਨ।

# ਦ੍ਰਿਸ਼ਟੀਕੋਣ 2026 ਦਾ ਉਦੇਸ਼

ਯਾਰਕ ਰੀਜਨਲ ਕੌਂਸਲ ਨੇ ਆਪਣੀ ਪਹਲੀ ਮਹੱਤਵਾਕਾਂਖੀ ਯੋਜਨਾ, ਯਾਰਕ ਰੀਜਨ 2021; ਦ੍ਰਿਸ਼ਟੀਕੋਣ (ਜੋਕਿ ਦ੍ਰਿਸ਼ਟੀਕੋਣ 2021 ਦੇ ਨਾਂ ਨਾਲ ਜਾਣਿਆ ਜਾਂਦਾ ਹੈ), ਨੂੰ ਯਾਰਕ ਰੀਜਨ ਦੀ ਕਮਿਊਨਟੀ ਵਾਸਤੇ ਆਪਣੇ ਲਕਸ਼ਾਂ ਦੇ ਇੱਕ ਸਰੂਪ ਦੇ ਤੌਰ ਤੇ 1993 ਵਿੱਚ ਮਨਜੂਰ ਕੀਤਾ ਸੀ। ਦ੍ਰਿਸ਼ਟੀਕੋਣ 2021 ਨੇ "ਵੱਡੇ ਪ੍ਰਤਿਬਿੰਬ" ਨੂੰ ਸਥਾਪਤ ਕਰਨ ਵਿੱਚ ਬਹੁਤ ਕੀਮਤੀ ਯੋਗਦਾਨ ਦਿੱਤਾ ਹੈ। ਇਸਨੇ ਕੌਂਸਲ ਤੇ ਕਰਮਚਾਰੀ ਮੰਡਲ ਦੀ ਯਾਰਕ ਰੀਜਨ ਦੀ ਕਮਿਊਨਟੀ ਦੀਆਂ ਆਸ਼ਾਵਾਂ ਦੇ ਮੁਤਾਬਿਕ ਸੇਵਾਵਾਂ ਉਸਾਰਣ ਤੇ ਪ੍ਰਦਾਨ ਕਰਨ ਵਿੱਚ ਅਗਵਾਈ ਕੀਤੀ ਹੈ।

ਕਮਿਊਨਟੀਆਂ ਦੀ ਇਕ ਵੱਧਦੀ ਅਬਾਦੀ ਦੀਆਂ ਮਹੱਤਵਾਕਾਂਖੀ ਯੋਜਨਾਵਾਂ ਹੁੰਦੀਆਂ ਹਨ ਜਿਹੜੀਆਂ ਕਿ ਫੈਸਲਾ ਕਰਨ ਵਾਲਿਆਂ ਲਈ ਇਕ ਆਧਾਰ ਪ੍ਰਦਾਨ ਕਰਦੀਆਂ ਹਨ। ਦ੍ਰਿਸ਼ਟੀਕੋਣ 2026 ਦ੍ਰਿਸ਼ਟੀਕੋਣ 2021 ਦੇ ਮੌਲਿਕ ਤੱਤਾਂ ਤੇ ਉਸਰਿਆ ਹੈ ਜਿਹੜੇ ਬਹੁਤ ਕਾਮਯਾਬ ਸਾਬਤ ਹੋਏ ਹਨ। ਇਹ ਸਾਡੀ ਨਿਵਾਸਿਆਂ ਨਾਲ ਚਲਦੀ ਆ ਰਹੀ ਗੱਲਬਾਤ ਵਿੱਚ ਉੱਭਰੇ ਮੁਦਿੱਆਂ ਨੂੰ ਦਰਸ਼ਾਉਣ ਲਈ ਦ੍ਰਿਸ਼ਟੀਕੋਣ 2021 ਵਿੱਚ ਪਛਾਣੇ ਪ੍ਰਸੰਗਾਂ ਨੂੰ ਧਾਰਨ ਕਰਦਾ ਹੈ ਤੇ ਅੱਗੇ ਵਧਾਉਂਦਾ ਹੈ।

ਇਸਤੋਂ ਇਲਾਵਾ, ਸੰਨ 2001 ਦੇ ਵਿਚ ਦ੍ਰਿਸ਼ਟੀਕੋਣ 2026 ਦੀ ਉਸਾਰੀ ਦੇ ਕਈ ਲਕਸ਼ ਸਨ:

- ਖੇਤਰ ਵਿਚ ਆਉਂਦੇ ਬਦਲਾਵਾਂ ਤੇ ਉੱਭਰਦੇ ਮੁਦਿੱਆਂ ਨੂੰ ਦਰਸ਼ਾਉਣਾ
- ਖੇਤਰ ਦੇ ਵਧੇ ਹੋਏ ਜਨਮੱਤ ਨੂੰ ਸਵੀਕਾਰਨਾ
- ਮਹੱਤਵਾਕਾਂਖੀ ਉਪਰਾਲਿਆਂ ਵਿੱਚਕਾਰ ਤਾਲਮੇਲ ਬਿਠਾਉਣਾ
- ਰੀਜਨ ਦੀ ਵਪਾਰਕ ਵਿਓਂਤਬੰਦੀ ਦੀ ਅਗਵਾਈ ਕਰਨਾ
- ਨਿਵਾਸੀਆਂ ਨੂੰ ਇਕਠਿਆਂ ਇਕ ਕਮਿਊਨਟੀ ਦੇ ਤੌਰ ਤੇ ਇਹ ਸੋਚਣ ਅਤੇ ਗੱਲਬਾਤ ਕਰਨ ਦਾ ਇੱਕ ਮੌਕਾ ਦੇਣਾ ਕਿ ਅਸੀਂ ਯਾਰਕ ਰੀਜਨ ਨੂੰ ਕਿਸ ਤਰਾਂ ਦੇ ਮੁਕਾਮ ਤੇ ਦੇਖਣਾ ਚਾਹੁੰਦੇ ਹਾਂ

ਦ੍ਰਿਸ਼ਟੀਕੋਣ 2026 ਯਾਰਕ ਵਾਸਤੇ ਇੱਕ ਸਮੁੱਚਾ ਖ਼ਾਕਾ ਹੈ। ਇਹ ਰੀਜਨ ਤੇ ਉਸਦੇ ਭਵਿੱਖ ਦੇ ਸਾਝੇਦਾਰਾਂ ਵਾਸਤੇ ਧਿਆਨ ਦੇਣ ਜੋਗ ਮੁਖ ਖੇਤਰਾਂ ਨੂੰ ਦਰਸ਼ਾਉਂਦਾ ਹੈ। ਇਹ ਵਿਸ਼ਿਆਂ ਨੂੰ ਨਿਰਧਾਰਤ ਕਰਦਾ ਹੈ ਅਤੇ ਵਪਾਰਕ ਸੰਸਥਾਵਾਂ ਤੇ ਵਪਾਰਾਂ ਦੀਆਂ ਵਧੇਰੀਆਂ ਵਿਸਤਾਰਤ ਯੋਜਨਾਵਾਂ ਨੂੰ ਢਾਂਚਾ ਪ੍ਰਦਾਨ ਕਰਦਾ ਹੈ ਜਿਹੜੀਆਂ ਰੀਜਨ ਦੁਆਰਾ ਚਲਾਈਆਂ ਜਾਣ ਗੀਆਂ।

ਦ੍ਰਿਸ਼ਟੀਕੋਣ 2026 ਵਿਚ ਇੱਕ ਦ੍ਰਿਸ਼ਟੀਕੋਣ, ਅੱਠ ਲਕਸ਼ ਅਤੇ ਹਰ ਲਕਸ਼ ਦੇ ਅੰਦਰੂਨੀ ਕਾਰਜ ਖੇਤਰ ਸ਼ਾਮਲ ਹਨ ਜਿਹੜੇ ਲੋਕਾਂ ਦੀਆਂ ਰੀਜਨ ਤੋਂ ਉਮੀਦਾਂ ਨੂੰ ਦਰਸ਼ਾਉਂਦੇ ਹਨ। ਹਾਲਾਂਕਿ ਇਹ ਮੰਨਣ ਯੋਗ ਹੈ ਕਿ ਰੀਜਨ ਇਸ ਵੇਲੇ ਵੀ ਇਹਨਾਂ ਵਿੱਚੋਂ ਬਹੁਤ ਸਾਰੇ ਲਕਸ਼ਾਂ ਨੂੰ ਸੰਬੋਧਨ ਕਰਦਾ ਹੈ, ਦ੍ਰਿਸ਼ਟੀਕੋਣ 2026 ਸਾਡੀ ਕਾਮਯਾਬੀ ਨੂੰ ਜਾਰੀ ਰੱਖਣ ਅਤੇ ਤੇ ਉਸ ਵਿੱਚ ਸੁਧਾਰ ਕਰਨ ਦੇ ਸਾਡੇ ਵਾਅਦੇ ਨੂੰ ਦਰਸ਼ਾਉਂਦਾ ਹੈ।

ਇਸ ਤੋਂ ਪਹਲੇ ਦ੍ਰਿਸ਼ਟੀਕੋਣ 2021 ਦੀ ਤਰਾਂ, ਦ੍ਰਿਸ਼ਟੀਕੋਣ 2026 ਵੀ ਰੀਜਨਲ ਕੌਂਸਲ ਦੇ ਮੈਂਬਰਾਂ, ਰੀਜਨ ਦੇ ਕਰਮਚਾਰੀਆਂ ਅਤੇ ਕਮਿਊਨਟੀ, ਜਿਸ ਵਿਚ ਸੰਸਥਾਵਾਂ, ਨਾਗਰਿਕ, ਕੌਂਸਲਰ ਅਤੇ ਖੇਤਰੀ ਮਓਂਸਪਲਟੀਆਂ ਦੇ ਕਰਮਚਾਰੀ ਸ਼ਾਮਲ ਹਨ, ਦੇ ਨਾਲ ਵਿਚਾਰ ਵਟਾਂਦਰੇ ਤੇ ਅਧਾਰਤ ਹੈ।

# ਦ੍ਰਿਸ਼ਟੀਕੋਣ 2026 ਦਾ ਵਿਕਾਸ

ਸੰਨ 2001 ਵਿੱਚ ਹੋਈ ਦ੍ਰਿਸ਼ਟੀਕੋਣ ਪ੍ਰਕਿਰਯਾ ਦੇ ਦੌਰਾਨ ਪ੍ਰਕਾਸ਼ਤ ਹੋਏ ਸੂਚਨਾ ਪ੍ਰਕਾਸ਼ਨਾਂ ਵਾਸਤੇ "ਯਾਰਕ ਰੀਜਨ ਦੇ ਭਵਿੱਖ ਦੀ ਰਚਨਾ ਵਿੱਚ ਸਾਡੀ ਮੱਦਦ ਕਰੋ" ਇੱਕ ਕਾਮਯਾਬ ਵਾਦ-ਵਿਵਾਦ ਦਾ ਮੁੱਦਾ ਸੀ। ਵਿਸਤ੍ਰਿਤ ਵਾਦ-ਵਿਵਾਦ ਦ੍ਰਿਸ਼ਟੀਕੋਣ ਪ੍ਰਕਿਰਯਾ ਦਾ ਇੱਕ ਮੁੱਖ ਆਧਾਰ ਹੁੰਦਾ ਹੈ। ਤਿੰਨ ਮੁੱਖ ਵਰਗ ਵਾਦ-ਵਿਵਾਦ ਵਿਚ ਸ਼ਾਮਲ ਕੀਤੇ ਗਏ ਸਨ: ਰੀਜਨਲ ਕੌਂਸਲ ਦੇ ਮੈਂਬਰ, ਰੀਜਨ ਦੇ ਕਰਮਚਾਰੀ ਅਤੇ ਕਮਿਊਨਟੀ, ਜਿਸ ਵਿਚ ਸੰਸਥਾਵਾਂ, ਨਾਗਰਿਕ, ਕੌਂਸਲਰ ਅਤੇ ਖੇਤਰੀ ਮਓਿਂਸਪਲਟੀਆਂ ਦੇ ਕਰਮਚਾਰੀ ਸ਼ਾਮਲ ਸਨ।

ਇਹ ਦਸਤਾਵੇਜ਼ ਉਹਨਾਂ ਦੇ ਸੁਝਾਵਾਂ ਨੂੰ ਦਰਸ਼ਾਉਂਦਾ ਹੈ ਜਿਹੜੇ ਦ੍ਰਿਸ਼ਟੀਕੋਣ ਦੀ ਸੰਰਚਨਾ, ਇਸਦੇ ਸਿਧਾਂਤਾਂ ਬਾਰੇ ਦੱਸਣ ਅਤੇ ਇਸਦੇ ਲਕਸ਼ਾਂ ਤੇ ਕਾਰਜ ਖੇਤਰਾਂ ਨੂੰ ਨਿਰਧਾਰਤ ਕਰਨ ਲਈ ਜ਼ਰੂਰੀ ਸਨ। ਵਿਚਾਰ ਵਟਾਂਦਰੇ ਦੇ ਫੇਜ਼ 1 (ਅਪ੍ਰੈਲ ਤੋਂ ਜੂਨ 2001) ਦਾ ਟੀਚਾ ਪਹਿਲਾਂ ਅਤੇ ਮੁਦਿਆਂ ਦੀ ਸੂਚੀ ਤਿਆਰ ਕਰਨਾ ਸੀ ਜਿਹਨਾਂ ਤੇ ਇਸ ਵਿਚ ਹਿੱਸਾ ਲੈਣ ਵਾਲਿਆਂ ਦੇ ਮੁਤਾਬਕ ਆਪਣੀ ਕਮਿਊਨਟੀ ਦੇ ਨਿਰੰਤਰ ਵਿਕਾਸ ਲਈ ਰੀਜਨ ਨੂੰ ਧਿਆਨ ਦੇਣਾ ਚਾਹੀਦਾ ਹੈ। ਫੇਜ਼ 2 (ਸਿਤੰਬਰ ਤੋਂ ਨਵੰਬਰ 2001) ਨੇ ਹਿੱਸਾ ਲੈਣ ਵਾਲਿਆਂ ਨਾਲ ਮਿਲ ਕੇ ਵਿਸਤ੍ਰਿਤ ਪੁਨਰਵਿਚਾਰ ਦੁਆਰਾ ਆਰਜੀ ਦਸਤਾਵੇਜ਼ ਦੀ ਜਾਂਚ ਕੀਤੀ।

ਕਈ ਵੱਖ ਵੱਖ ਤਰੀਕਿਆਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਇੰਟਰਨੇਟ ਦ੍ਰਿਸ਼ਟੀਕੋਣ ਪ੍ਰਕਿਰਯਾ ਦਾ ਸਭ ਤੋਂ ਵੱਧ ਕਾਮਯਾਬ ਗੱਲਬਾਤ ਦਾ ਜੰਤਰ ਸਾਬਤ ਹੋਇਆ। ਯਾਰਕ ਰੀਜਨ ਦੀ ਵੱਬਸਾਇਟ ਤੇ ਦ੍ਰਿਸ਼ਟੀਕੋਣ 2026 ਦਾ ਪੇਜ ਲਿਖਿਤ ਸਮੱਗਰੀ ਨੂੰ ਵੰਡਣ ਤੇ ਪ੍ਰਾਪਤ ਕਰਨ ਅਤੇ ਪੇਜ ਨੂੰ ਦੇਖਣ ਵਾਲੇ ਲੋਕਾਂ ਨੂੰ ਦ੍ਰਿਸ਼ਟੀਕੋਣ 2026 ਦੀਆਂ ਆਏ ਦਿਨ ਦੀਆਂ ਸਰਗਰਮੀਆਂ ਬਾਰੇ ਜਾਣੂ ਕਰਾਉਣ ਵਾਸਤੇ ਇੱਕ ਆਸਾਨ ਬਹੁਭਾਸ਼ੀ ਜੰਤਰ ਦੇ ਤੌਰ ਤੇ ਕੰਮ ਵਿਚ ਆਇਆ। ਸਾਰੀਆਂ ਵਿਰਣਕਾਵਾਂ, ਰਿਪੋਰਟਾਂ ਅਤੇ ਮੀਟਿੰਗਾਂ ਬਾਰੇ ਐਲਾਨ ਇੰਟਰਨੇਟ ਤੇ ਉਪਲੱਬਧ ਸਨ। ਵੱਡੇ ਪੈਮਾਨੇ ਤੇ ਵੰਡੀ ਗਈ ਸਮੱਗਰੀ ਵਿਚੋਂ ਕੁਝ ਸਮੱਗਰੀ ਦਾ ਤਰਜਮਾ ਕੀਤਾ ਗਿਆ ਸੀ: ਚੀਨੀ, ਫਾਰਸੀ, ਫਰਾਂਸੀਸੀ, ਇਤਾਲਵੀ, ਪੰਜਾਬੀ ਅਤੇ ਰੂਸੀ। ਪੇਜ ਨੂੰ ਦੇਖਣ ਵਾਲੇ ਲੋਕਾਂ ਨੂੰ ਲਿਖਿਤ ਟੀਕਾ ਟਿਪਣੀ ਕਰਨ ਲਈ ਬੇਨਤੀ ਕੀਤੀ ਗਈ ਸੀ।

ਫੇਜ਼ 1 ਵਿਚ ਇਕ ਟੇਲੀਫੂਨ ਸਰਵੇਖਣ ਵੀ ਸ਼ਾਮਲ ਸੀ, ਜਿਸ ਨਾਲ ਰੀਜਨ ਦੀਆਂ ਪਹਲਾਂ ਕੀ ਹੋਣਿਆ ਚਾਹੀਦੀਆਂ ਹਨ ਬਾਰੇ ਨਿਵਾਸੀਆਂ ਦੀ ਸੋਚ ਤੇ ਟੀਕਾ ਟਿਪਣੀ ਇਕੱਠੀ ਕੀਤੀ ਗਈ। ਨਤੀਜਿਆਂ ਨੇ ਕਾਰਜ ਖੇਤਰਾਂ ਦੇ ਵਿਕਾਸ ਬਾਰੇ ਦੱਸਿਆ। ਰੀਜਨਲ ਕੌਂਸਲ, ਯਾਰਕ ਰੀਜਨ ਦੇ ਕਰਮਚਾਰੀਆਂ ਅਤੇ ਕਮਿਊਨਟੀ ਦੇ ਲੋਕਾਂ ਨਾਲ ਵਰਕਸ਼ਾਪਾਂ ਕੀਤੀਆਂ ਗਈਆਂ ਸੀ। ਇਸ ਦੇ ਨਾਲ ਨਾਲ ਖ਼ਾਸ ਹਿਤਾਂ ਵਾਲੇ ਧੜਿਆਂ ਜਿੰਵੇ ਕਿ ਯੁਵਾ ਸੰਸਥਾਵਾਂ ਅਤੇ ਖੇਤਰੀ ਮਓਿਂਸਪਲਟੀਆਂ ਦੇ ਕੌਂਸਲਰਾਂ ਦੇ ਨਾਲ ਖ਼ਾਸ ਬੈਠਕਾਂ ਵੀ ਕੀਤੀਆਂ ਗਈਆਂ ਸੀ।

ਆਮ ਚਰਚਾ ਦੇ ਨਾਲ ਨਾਲ ਅਖਬਾਰ ਅਤੇ ਟੈਲੀਵਿਜਨ ਪ੍ਰਚਾਰ ਕੰਪਨੀਆਂ ਦੇ ਨਾਲ ਸਾਝੇਦਾਰੀ ਦੇ ਜਰੀਏ ਯਾਰਕ ਰੀਜਨ ਦ੍ਰਿਸ਼ਟੀਕੋਣ ਪ੍ਰਕਿਰਯਾ ਦਾ ਵੱਡੇ ਪੱਧਰ ਤੇ ਪ੍ਰਚਾਰ ਕੀਤਾ ਗਿਆ। ਫੇਜ਼ 1 ਦੇ ਦੌਰਾਨ ਨਾਗਰਿਕਾਂ ਦੁਆਰਾ ਚਿੰਤਾ ਦੇ ਖੇਤਰਾਂ ਦੇ ਵਜੋਂ ਪਹਲਾਂ ਤੋਂ ਪਛਾਣੇ ਹੋਏ ਵਿਸ਼ਿਆਂ ਜਿਵੇਂ ਕਿ ਵਾਤਾਵਰਣ ਅਤੇ ਮਨੁੱਖੀ ਸੇਵਾਵਾਂ ਬਾਰੇ ਯਾਰਕ ਰੀਜਨ ਦੇ ਸਾਰੇ ਮੈਟਰੋਲੈਂਡ ਕਮਿਊਨਟੀ ਅਖਬਾਰਾਂ ਵਿੱਚ 8 ਹਿੱਸਿਆਂ ਵਾਲਾ ਲੜੀਵਾਰ ਸੰਵਾਦ ਪ੍ਰਕਾਸ਼ਤ ਕੀਤਾ ਗਿਆ। ਰੋਜਰਜ਼ ਕੇਬਲ 10 ਟੇਲੀਵਿਯਨ ਨੇ ਤਿੰਨ ਟੇਲੀਵਿਯਨ ਨਾਟਕਾਂ ਦਾ ਪ੍ਰਸਾਰਣ ਕੀਤਾ।

# ਰੁਝਾਣ

ਕੁਝ ਰੁਝਾਣ ਨਿਵਾਸੀਆਂ ਦੀਆਂ ਭਵਿੱਖ ਵਿੱਚ ਲੋੜੀਂਦੀਆਂ ਸੇਵਾਂਵਾ ਉੱਤੇ ਅਸਰ ਪਾਉਣਗੇ। ਰੀਜਨ ਰੁਝਾਨਾ ਦੀ ਆਪਣੀ ਸਮਝ ਨੂੰ ਇਸਤੇਮਾਲ ਕਰਕੇ ਬਦਲਦੀਆਂ ਹੋਈਆਂ ਜਰੂਰਤਾਂ ਨੂੰ ਉਚੇ ਦਰਜੇ ਦੀਆਂ ਸੇਵਾਵਾਂ ਨਾਲ ਕਾਰਗਰ ਤੌਰ ਤੇ ਪੂਰਾ ਕਰ ਸਕਦਾ ਹੈ।

### 2026 ਤੱਕ ਯਾਰਕ ਰੀਜਨ ਦੀ ਅਬਾਦੀ 1.3 ਮਿਲੀਅਨ ਹੋ ਜਾਵੇਗੀ।

ਇਹ 2001 ਤੋਂ ਤਕਰੀਬਨ 500,000 ਦਾ ਵਾਧਾ ਹੋਵੇਗਾ, 2.1 ਪ੍ਰਤੀਸ਼ਤ ਦੀ ਸਾਲਾਨਾ ਵਰਿਧੀ ਦਰ।

### ਯਾਰਕ ਰੀਜਨ ਵਿੱਚ ਬਜੁਰਗਾਂ ਦੀ ਅਬਾਦੀ ਜਿਆਦਾ ਹੋਵੇਗੀ।

2026 ਵਿੱਚ ਯਾਰਕ ਵਿੱਚ ਰਹਣ ਵਾਲੇ 50 ਸਾਲ ਤੋਂ ਵਧੇਰੀ ਉਮਰ ਦੇ ਲੋਕ ਅੱਜ ਦੀ ਤੁਲਨਾ ਵਿੱਚ ਤਿੰਨ ਗੁਣੇ ਜਿਆਦਾ ਹੋਣਗੇ।

### ਘੱਟ ਆਮਦਨ ਵਾਲੇ ਵਰਗਾਂ ਵਿਚ ਲੋਕਾਂ ਦੀ ਗਿਣਤੀ ਵਧੇਗੀ।

1986 ਵਿੱਚ ਯਾਰਕ ਰੀਜਨ ਵਿਚ 44% ਪਰਿਵਾਰ ਜਿਆਦਾ ਆਮਦਨ ਵਾਲੇ, 42% ਦਰਮਿਆਨੀ ਆਮਦਨ ਵਾਲੇ ਤੇ 14% ਘੱਟ ਆਮਦਨ ਵਾਲੇ ਸਮਝੇ ਜਾਂਦੇ ਸਨ। 1996 ਤੱਕ ਘੱਟ ਆਮਦਨ ਵਾਲੇ ਨਿਵਾਸੀਆਂ ਦੀ ਗਿਣਤੀ 19% ਤੱਕ ਵੱਧ ਗਈ ਤੇ ਦਰਮਿਆਨੀ ਆਮਦਨ ਵਾਲੇ ਵਰਗ ਦੀ ਘੱਟ ਕੇ ਕੁਲ ਅਬਾਦੀ ਦਾ 37% ਹੋ ਗਈ ਜਦਕਿ ਜਿਆਦਾ ਆਮਦਨ ਵਾਲੇ ਵਰਗ ਵਿਚ ਕੋਈ ਬਦਲਾਵ ਨਹੀਂ ਆਇਆ।

### ਯਾਰਕ ਰੀਜਨ ਕਮਜੋਰ ਨਿਵਾਸੀਆ ਦੀ ਵੱਧਦੀ ਗਿਣਤੀ ਦਾ ਘਰ ਹੋਵੇਗਾ।

ਉਹਨਾਂ ਲੋਕਾਂ, ਜਿਹਨਾ ਨੂੰ ਕਮਜੋਰ ਸਮਝਿਆ ਜਾ ਸਕਦਾ ਹੈ, ਖਾਸ ਤੌਰ ਤੇ ਬਜੁਰਗ, ਬੱਚੇ ਅਤੇ ਉਹ ਜਿਹੜੇ ਬੇਘਰ ਹਨ, ਲਈ ਢੁੱਕਵੀਆ ਅਤੇ ਉਚਿੱਤ ਸੇਵਾਵਾਂ ਦਾ ਇੰਤਜਾਮ ਕਰਨਾ ਇਕ ਵੰਗਾਰ ਬਣਿਆ ਰਹੇਗਾ ਕਿਉਂਕਿ ਉਹਨਾਂ ਦੀ ਗਿਣਤੀ ਵਧੇਗੀ।

### ਘਰ-ਪਰਿਵਾਰਾਂ ਦੇ ਆਕਾਰ ਬਦਲਦੇ ਰਹਣਗੇ।

ਬਿਨਾ ਪਰਿਵਾਰ ਵਾਲੇ ਘਰਾਂ, ਜਿਵੇਂ ਕਿ ਅਣਵਿਆਹੇ ਇਕਲੇ ਰਹਿੰਦੇ ਲੋਕ, ਦੀ ਗਿਣਤੀ ਵਿਚ ਵਾਧਾ ਹੋਣ ਕਰਕੇ ਯਾਰਕ ਰੀਜਨ ਵਿਚ ਅਨੇਕ ਤਰਾਂ ਦੇ ਘਰ-ਪਰਿਵਾਰਾਂ ਦੇ ਕਿਸਮ ਹੋਣਗੇ।

### ਯਾਰਕ ਰੀਜਨ ਦੀ ਬਹੁ-ਨਸਲੀ ਅਬਾਦੀ ਹੋਰ ਵਧਦੀ ਰਹੇਗੀ।

ਇਮੀਗਰੇਸ਼ਨ ਨੀਤੀਆਂ ਨੇ ਕਨੇਡਾ ਦੀ ਨਸਲੀ ਭਿੰਨਤਾ ਵਿਚ ਵਾਧਾ ਕੀਤਾ ਅਤੇ ਬਹੁਪੱਖੀ ਕਮਿਊਨਟੀਆਂ ਦੀ ਵੱਡੀ ਗਿਣਤੀ ਨੂੰ ਯਾਰਕ ਵਿਚ ਲਿਆਂਦਾ ਹੈ। ਯਾਰਕ ਰੀਜਨ ਵਿੱਚ ਹੁਣ ਪਹਿਲਾਂ ਨਾਲੋਂ ਕਿਤੇ ਜਿਆਦਾ ਨਸਲੀ ਮਤਾਂ ਦੀ ਨੁਮਾਂਇਦਗੀ ਹੈ।

### ਰੋਜਗਾਰ ਵਰਿਧੀ ਦਰ ਅਬਾਦੀ ਦੀ ਵਰਿਧੀ ਦਰ ਨਾਲੋਂ ਥੋੜਾ ਅੱਗੇ ਹੀ ਰਹੇਗੀ।

1991 ਵਿੱਚ ਯਾਰਕ ਰੀਜਨ ਕੋਲ 248,000 ਰੁਜ਼ਗਾਰ ਸਨ ਜਿਹੜੇ 2001 ਵਿੱਚ ਵੱਧਕੇ 390,000 ਹੋ ਗਏ। ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ 2026 ਵਿੱਚ ਯਾਰਕ ਕੋਲ 696,000 ਰੁਜ਼ਗਾਰ ਹੋਣਗੇ।

### ਰੁਜ਼ਗਾਰ ਵਰਿਧੀ ਭਿੰਨ ਭਿੰਨ ਖੇਤਰਾਂ ਵਿਚ ਮਹਸੂਸ ਕੀਤੀ ਜਾਏਗੀ।

ਰੁਜ਼ਗਾਰ ਦਾ ਮਿਸ਼ਣ ਬਦਲਦਾ ਰਹੇਗਾ ਕਿਓਂਕਿ ਘਾੜਤ, ਉਸਾਰੀ, ਗੋਦਾਮ ਤੇ ਆਵਾਜਾਈ ਦੇ ਪਰੰਪਰਾਗਤ ਆਮ ਕਿੱਤੇ ਵਪਾਰਕ ਸੇਵਾਵਾਂ ਤੇ ਦਫਤਰੀ ਕੰਮ ਦੇ ਨਵੇਂ ਰੁਜ਼ਗਾਰਾਂ ਨਾਲ ਬਦਲ ਰਹੇ ਹਨ।

### ਟੈਕਨੋਲਾਜੀ ਯਾਰਕ ਰੀਜਨ ਵਿਚ ਵੀ ਉਤਨੀ ਹੀ ਵਧੇਰੀ ਸਾਰਥਕ ਹੋਵੇਗੀ ਜਿਤਨੀ ਕਿਸੇ ਵੀ ਹੋਰ ਜਗ੍ਹਾਂ ਤੇ।

ਟੈਕਨੋਲਾਜੀ ਵਿਚ ਤੇਜੀ ਨਾਲ ਆ ਰਹੇ ਬਦਲਾਵ, ਸੰਚਾਰ ਸੇਵਾ ਪ੍ਰਦਾਨ ਕਰਨ ਦੇ ਤਰੀਕਿਆਂ ਅਤੇ ਭਵਿੱਖ ਵਿਚ ਲੋਕਾਂ ਦੇ ਰਹਿਣ ਤੇ ਕੰਮ ਕਰਨ ਦੇ ਤਰੀਕਿਆਂ ਦਾ ਕਾਇਆ ਪਲਟ ਕਰ ਦੇਣਗੇ।

### ਨਾਗਰਿਕ ਉਸੇ ਜਾਂ ਘੱਟ ਕੀਮਤ ਤੇ ਹੋਰ ਅਤੇ ਬਿਹਤਰ ਸੇਵਾਵਾਂ ਦੀ ਆਸ਼ਾ ਰੱਖਣਗੇ।

1993 ਤੋ ਯਾਰਕ ਰੀਜਨ ਨੇ ਨਵੀਆਂ ਸੇਵਾਵਾਂ ਜਿਨ੍ਹਾਂ ਵਿੱਚ ਉਨਟਾਰਿਓ ਵੱਰਕਸ, ਸਮਾਜਕ ਘਰ, ਬੱਚਿਆਂ ਦੀ ਦੇਖਭਾਲ,ਬੱਸ ਸੇਵਾ ਅਤੇ ਅਮਰਜੇਂਸੀ ਮੇਡੀਕਲ ਸੇਵਾ ਸ਼ਾਮਿਲ ਹਨ, ਦੀ ਜ਼ਿੰਮੇਵਾਰੀ ਸੰਭਾਲੀ ਹੈ।

### ਹੋਰ ਵਧੇਰੇ ਯਾਰਕ ਰੀਜਨ ਨਿਵਾਸੀ ਆਪਣੀਆਂ ਕਮਿਊਨਟੀਆਂ ਵਿਚ ਹਿੱਸਾ ਲੈਣਗੇ।

ਯਾਰਕ ਰੀਜ਼ਨ ਦੇ ਵਾਸੀ ਰੁਚੀਵਾਨ ਮਾਪਿਆਂ, ਸਵਮਸੇਵਕਾਂ ਅਤੇ ਸੁਝਵਾਨ ਕਰਦਾਤਾ ਦੇ ਤੋਰ ਤੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਅਪਣੀਆਂ ਕਮਿਓਨਟੀਆਂ ਦੇ ਨਾਲ ਜੁੜੇ ਹੋਏ ਹਨ। ਇਹ ਸਾਂਝ ਅਤੇ ਇਹ ਵੱਡੇ ਪੈਮਾਨੇ ਤੇ ਹਿੱਸੇਦਾਰੀ ਯਾਰਕ ਰੀਜਨ ਦੇ ਸਾਡੇ ਸਮੁਚੇ ਤੌਰ ਤੇ ਉਚੇ ਦਰਜੇ ਦੇ ਕਮਿਓਨਟੀ ਜੀਵਨ ਵਿਚ ਵਾਧਾ ਕਰਦੀ ਹੈ।

### ਕਰ ਦੇਣ ਵਾਲਿਆ ਨੂੰ ਦੱਸਣ ਵਾਸਤੇ ਕਿ ਅਸੀ ਉਤੱਰਦਾਈ ਤੇ ਪ੍ਰਭਾਵੀ ਹਾਂ ਸਰਕਾਰਾਂ ਨਵਿਆਂ ਤਰੀਕਿਆਂ ਦੀ ਪਹਚਾਣ ਕਰਦੀਆਂ ਰਹਿਣਗੀਆਂ।

ਯਾਰਕ ਰੀਜਨ ਇਕ ਵੱਡੀ ਕਾਰਪੋਰੇਸ਼ਨ ਹੋਣ ਦੇ ਨਾਲ ਨਾਲ ਇਕ ਕਮਿਓਨਟੀ ਵੀ ਹੈ। ਇਸਦੀ ਸਰਕਾਰ ਨੇ ਆਧੁਨਿਕ ਬਹੁਸਾਲਾ ਵਿਊਤਬੰਦੀ ਦੀਆਂ ਪ੍ਰਕਿਰਆਵਾਂ ਆਪਣੇ ਪੇਚੀਦਾ ਕਿਸਮ ਦੇ ਪ੍ਰੋਗਰਾਮਾ ਅਤੇ ਸੇਵਾਵਾਂ ਦੀ ਵਿਊਂਤ ਅਤੇ ਪ੍ਰਬੰਧ ਵਾਸਤੇ ਵਿਕਸਤ ਕੀਤੀਆ ਹਨ। ਮਜਬੂਤ ਅਗਵਾਈ ਪ੍ਰਦਾਨ ਕਰਦੇ ਰਹਣ ਲਈ ਦ੍ਰਿਸ਼ਟੀਵਾਨ ਸੂਝ ਅਤੇ ਠੋਸ ਵਿਊਤਬੰਦੀ ਦੀ ਜਰੂਰਤ ਹੋਵੇਗੀ। ਕਾਰਜ ਸਿਧੀ ਦੀ ਜਾਂਚ ਅਤੇ ਲਗਾਤਾਰ ਸੁਧਾਰ ਰੀਜਨ ਦੇ ਕੰਮ ਕਰਨ ਦਾ ਨਿਊਣਤਮ ਮਿਆਰ ਹੋਏਗਾ।

# ਮੂਲ ਸਿਧਾਂਤ

ਯਾਰਕ ਰੀਜ਼ਨ ਦੇ ਨਿਵਾਸੀਆਂ ਨੇ ਓਹਨਾਂ ਮੂਲ ਸਿਧਾਂਤਾਂ ਦੀ ਪਛਾਣ ਕੀਤੀ ਹੈ ਜਿਹੜੇ ਭਵਿਖ ਦੇ ਫੈਸਲਿਆਂ ਅਤੇ ਕਾਰਜਾਂ ਨੂੰ ਘੜਣ ਵਿਚ ਇਸਤੇਮਾਲ ਹੋਣੇ ਚਾਹੀਦੇ ਹਨ।

**ਪਹੁੰਚ:** ਪ੍ਰੋਗਰਾਮ, ਸੇਵਾਵਾਂ ਅਤੇ ਸਹੂਲਤਾਂ ਜਿਹੜੀਆਂ ਸਾਰਿਆਂ ਨੂੰ ਉਪਲੱਭਤ ਹੋਣ, ਥਾਂ ਅਤੇ ਨਿਜੀ ਆਵਾਜਾਈ ਦੇ ਸਾਧਨਾਂ ਤੇ ਧਿਆਨ ਦਿੱਤੇ ਬਿਨਾਂ, ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਨੀ।

**ਵਪਾਰ ਹਿਤੈਸ਼ੀ ਵਾਤਾਵਰਣ:** ਇਕ ਐਸਾ ਵਾਤਾਵਰਣ ਬਨਾਉਣਾ ਜਿਹੜਾ ਵਾਪਾਰਾਂ ਨੂੰ ਯਾਰਕ ਰੀਜ਼ਨ ਵਿਚ ਆਉਣ, ਰਹਿਣ ਅਤੇ ਤਰੱਕੀ ਕਰਨ ਵਾਸਤੇ ਸੱਦਾ ਦੇਵੇ ਅਤੇ ਉਤਸਾਹਤ ਕਰੇ।

**ਆਚਰਣ:** ਇਕ ਏਸੇ ਰੀਜਨ ਵਿਚ ਰਹਣਾ ਜਿਥੇ ਹਰਇਕ ਇਕ ਦੂਜੇ ਨਾਲ ਮਿਲ ਕੇ ਇਹ ਸੁਨਿਸ਼ਚਿਤ ਕਰਨ ਲਈ ਕੰਮ ਕਰਦਾ ਹੈ ਕਿ ਪਰਿਵਾਰ ਮਜ਼ਬੂਤ ਹੋਣ, ਘਰ ਤੇ ਗਲੀਆਂ ਮਹਫੂਜ਼ ਹੋਣ, ਪੜਾਈ ਕਾਰਗਰ ਹੋਵੇ, ਵਪਾਰ ਫਲਦਾਇਕ ਹੋਣ, ਗੁਆਂਢੀ ਇਕ ਦੂਜੇ ਦੀ ਪਰਵਾਹ ਕਰਨ ਅਤੇ ਨਾਗਰਿਕ ਅਪਣੇ ਜੀਵਨ ਅਤੇ ਪਰਿਵਾਰਾਂ ਬਾਰੇ ਸੂਝ ਵਾਲੇ ਫੈਸਲੇ ਕਰਨ ਲਈ ਆਜ਼ਾਦ ਹੋਣ।

**ਗਾਹਕ ਆਧਾਰਤ ਸੇਵਾ:** ਐਸੀ ਸੇਵਾ ਜਿਹੜੀ ਸੁਲਭ, ਸਮੇ ਤੇ, ਜਾਣਕਾਰੀ ਭਰੀ, ਸੁਘੜ, ਮਿਲਣਸਾਰ, ਸੁੱਧ ਲੈਣ ਵਾਲੀ ਅਤੇ ਨਿਆਂਪੂਰਣ ਹੋਵੇ, ਪ੍ਰਦਾਨ ਕਰਨੀ।

**ਗੌਰਵ, ਦਿਆਲਤਾ ਅਤੇ ਨਿਆਂਸ਼ੀਲਤਾ:** ਸਾਰੀਆ ਨਸਲਾਂ, ਧਰਮਾਂ, ਲਿੰਗਾਂ, ਉਮਰਾਂ ਮਤਾਂ ਆਮਦਨਾਂ ਅਤੇ ਸਮਰਥਾ ਵਾਲੇ ਯਾਰਕ ਰੀਜ਼ਨ ਦੇ ਨਾਗਰਿਕਾਂ, ਦੇ ਹੱਕ ਅਤੇ ਗੋਰਵ ਨੂੰ ਆਦਰ, ਦਿਆਲਤਾ ਅਤੇ ਨਿਆਂਪੂਰਣ ਵਰਤਾਉ ਨਾਲ ਸਵੀਕਾਰ ਕਰਨਾ।

**ਅਨੇਕਤਾ:** ਯਾਰਕ ਰੀਜ਼ਨ ਨੂੰ ਬਨਾਓਣ ਵਾਲੀਆਂ ਮਓਂਸਪਲਟੀਆਂ, ਕਮਿਓਨਟੀਆਂ ਅਤੇ ਵਰਗਾਂ ਦੀ ਬਦਲਦੀ ਤਹਿਜ਼ੀਬੀ ਅਨੇਕਤਾ ਦਾ ਆਦਰ ਮਾਨ ਕਰਨਾ ਅਤੇ ਉਸ ਨੂੰ ਸਵੀਕਾਰਨਾ।

**ਸਮਾਨਤਾ:** ਥਾਂ, ਕੀਮਤ ਦੇਣ ਦੀ ਸਮਰਥਾ ਅਤੇ ਨਸ਼ਲ ਤੇ ਧਿਆਨ ਦਿੱਤੇ ਬਿਨਾ ਯਾਰਕ ਰੀਜ਼ਨ ਦੇ ਨਿਵਾਸੀਆਂ ਨੂੰ ਪ੍ਰੋਗਰਾਮਾ ਵਿਚ ਹਿੱਸਾ ਲੈਣ ਵਿਚ ਸਮਰਥ ਬਨਾਉਣਾ।

**ਮਾਲੀ ਜਿਮੇਵਾਰੀ:** ਉਤਰਦਾਈ ਅਤੇ ਸਹਿਨਸ਼ੀਲ ਸਰਕਾਰ ਦੇ ਜਰੀਏ ਮਾਲੀ ਜਿੰਮੇਵਾਰੀ ਨੂੰ ਨਿਸ਼ਚਿਤ ਕਰਨਾ।

**ਸਿਹਤ ਅਤੇ ਤੰਦਰੁਸਤੀ:** ਯਾਰਕ ਦੇ ਨਿਵਾਸੀਆਂ ਦੇ ਸਿਹਤਮੰਦ ਰਹਿਣ ਸਹਿਣ ਅਤੇ ਸਮਾਜਕ ਤੇ ਜਜ਼ਬਾਤੀ ਖੈਰੀਅਤ ਦੀ ਹਮਾਇਤ ਕਰਨੀ।

**ਮਾਰਗਦਰਸ਼ਨ:** ਲਗਾਤਾਰ ਪੜਚੋਲ, ਸੁਧਾਰ ਤੇ ਬਦਲਾਵ ਦੇ ਪ੍ਰਭਾਵਸਾਲੀ ਪ੍ਰਬੰਧ ਦੇ ਜਰੀਏ ਇਕ ਸੁਚੱਜੀ ਸਰਕਾਰ ਨਿਸ਼ਚਿਤ ਕਰਨੀ।

**ਖੁਲੱਾ ਵਿਵਹਾਰ:** ਨਾਗਰਿਕਾਂ ਅਤੇ ਹਿੱਸੇਦਾਰਾਂ ਦੀਆਂ ਜਰੂਰਤਾਂ ਨੂੰ ਸੁਣਕੇ ਉਨਾਂ ਨੂੰ ਸੁਝਾਵ ਦੇਣ ਲਈ ਉਨਾਂ ਦੀ ਪਹੁੰਚ ਵਿੱਚ ਹੋਣਾ। ਪ੍ਰਗਤੀ ਬਾਰੇ ਬਰਾਬਰ ਸੂਚਨਾ ਦੇਣਾ।

**ਸਾਂਝਾਂ:** ਖੇਤਰੀ ਮਓਂਸਪਲਟੀਆਂ, ਦੂਸਰੀਆ ਸਰਕਾਰਾ, ਕਮਿਓਨਟੀ ਏਜੰਸੀਆ ਅਤੇ ਖਾਸ ਖਿੱਤੇ ਨਾਲ ਸਾਂਝਾ ਦੇ ਜਰੀਏ ਸੇਵਾਵਾਂ ਵਿਚ ਤਾਲਮੇਲ ਬਿਠਾਉਣਾ, ਸਹਾਇਤਾ ਕਰਨੀ ਅਤੇ ਉਨ੍ਹਾ ਨੂੰ ਅੱਗੇ ਵਧਾਉਣਾ।

**ਗੁਣਵੱਤਾ:** ਯਾਰਕ ਦੇ ਨਿਵਾਸੀਆ ਅਤੇ ਵਾਪਾਰਾਂ ਦੀਆਂ ਜਰੂਰਤਾਂ ਪੂਰੀਆਂ ਕਰਨ ਵਾਸਤੇ ਚੋਟੀ ਦੀਆਂ, ਪ੍ਰਭਾਵੀ, ਅਤੇ ਸਾਮਿਅਕ ਸੇਵਾਵਾਂ ਪ੍ਰਦਾਨ ਕਰਨੀਆਂ।

**ਸੁਰੱਖਿਆ:** ਇਹ ਨਿਸਚਿਤ ਕਰਨਾ ਕਿ ਲੋਕ ਆਪਣੇ ਗਵਾਂਡ, ਕਮਿਓਨਟੀਆਂ ਅਤੇ ਕੰਮ ਦੇ ਥਾਂਵਾਂ ਉਤੇ ਆਪਣੇ ਆਪ ਨੂੰ ਸੁਰਿੱਖਅਤ ਮਹਿਸੂਸ ਕਰਨ।

**ਸਟੀਵਰਡਸ਼ਿਪ:** ਯਾਰਕ ਰੀਜ਼ਨ ਦੇ ਪ੍ਰਾਕਿਰਤਕ ਵਾਤਾਵਰਣ ਤੇ ਵਸੀਅਤ ਦੀ ਸੁਰੱਖਿਆ ਦੀ ਜਿੰਮੇਵਾਰੀ ਨੂੰ ਸਮਝਣਾ।

# ਦ੍ਰਿਸ਼ਟੀਕੋਣ ਵਰਣਨ

ਦ੍ਰਿਸ਼ਟੀਕੋਣ 2026 ਦੇ ਸਮੁਚੇ ਲਕਸ਼ ਨੂੰ ਦਰਸ਼ਾਉਣ ਲਈ ਹੇਠ ਲਿਖਿਆ ਵੇਰਵਾ ਤਿਆਰ ਕੀਤਾ ਗਿਆ ਹੈ।

## "ਯਾਰਕ ਰੀਜਨ: ਮਜ਼ਬੂਤ, ਸੁੱਧ ਲੈਣ ਵਾਲੀਆਂ ਅਤੇ ਮਹਫੂਜ਼ ਕਮਿਊਨਟੀਆਂ ਬਨਾਉਣ ਦੀ ਰਾਹ ਤੇ"

ਅੱਠ ਲਕਸ਼ ਇਸ ਦ੍ਰਿਸ਼ਟੀਕੋਣ ਵਰਣਨ ਦੀ ਬੁਨਿਆਦ ਹਨ। ਇਨਾਂ ਵਿਚੋਂ ਹਰੇਕ ਦਾ ਵੇਰਵਾ ਅਗਲੇ ਸਫ਼ੇਆਂ ਤੇ ਦਿਤਾ ਗਿਆ ਹੈ।

**ਬਹੁਭਾਂਤ ਦੀ ਆਬਾਦੀ ਲਈ ਅੱਛੀਆਂ ਕਮਿਊਨਟੀਆਂ**

**ਬਿਹਤਰ ਵਾਤਾਵਰਣ, ਵਿਰਸਾ ਅਤੇ ਤਹਿਜ਼ੀਬ**

**ਇੱਕ ਸਜੀਵ ਆਰਥਿਕਤਾ**

**ਅਪਣੇ ਨਾਗਰਿਕਾਂ ਦੀਆਂ ਲੋੜਾਂ ਵਲ ਉੱਤਰਦਾਈ ਹੋਣਾ**

**ਸਾਡੇ ਨਿਵਾਸੀਆਂ ਵਾਸਤੇ ਅਪਣੀ ਪਸੰਦ ਦੇ ਘਰ**

**ਸੰਚਾਲਤ ਅਤੇ ਸੰਤੁਲਤ ਵਿਕਾਸ**

**ਇੱਕ ਪਰਗਤੀਸ਼ੀਲ ਰੀਜਨ ਲਈ ਬੁਨਿਆਦੀ ਢਾਂਚਾ**

**ਵਚਨਬੱਧ ਕਮਿਊਨਟੀਆਂ ਅਤੇ ਇਕ ਉੱਤਰਦਾਈ ਰੀਜਨ**

# ਬਹੁਭਾਂਤ ਦੀ ਆਬਾਦੀ ਲਈ ਸੁਚੱਜੀਆਂ ਕਮਿਊਨਟੀਆਂ

**ਸੰਨ 2026 ਵਿੱਚ ਵੀ ਯਾਰਕ ਰੀਜਨ ਦੇ ਨਿਵਾਸੀ ਸਿਹਤਮੰਦ, ਪਹੁੰਚਯੋਗ ਅਤੇ ਸੁਰੱਖਿਅਤ ਗਵਾਂਡਾਂ ਵਿਚੱ ਰਹਿੰਦੇ, ਕੰਮ ਕਰਦੇ, ਖੇਡਦੇ ਅਤ ਸਿੱਖਦੇ ਰਹਿਣਗੇ, ਜਿਹੜੇ ਸਜੀਵ, ਦਿਲਚਸਪ ਅਤੇ ਲੋਕਹਿਤੈਸ਼ੀ ਹਨ। ਨਿਵਾਸੀ ਉਚੇ ਦਰਜੇ ਦੇ ਰਹਿਣ ਸਹਿਣ ਜਿਸਨੇ ਉਨਾਂ ਨੂੰ ਯਾਰਕ ਵੱਲ ਆਕਰਸ਼ਤ ਕੀਤਾ ਸੀ, ਮਾਨਣਗੇ ਅਤੇ ਆਪਣੀਆਂ ਕਮਿਊਨਟੀਆਂ ਨਾਲ ਇੱਕ ਪ੍ਰਬਲ ਲਗਾ ਤੇ ਸਮਰਪੱਣ ਦੀ ਸੂਝ ਰੱਖਣਗੇ।**

ਆਪਣੇ ਇਸ ਲਕਸ਼ ਨੂੰ ਸਾਧਣ ਲਈ ਯਾਰਕ ਰੀਜਨ ਖੇਤਰੀ ਮਓਂਸਪਲਟੀਆਂ ਅਤੇ ਦੂਸਰੇ ਸਹਿਯੋਗੀਆਂ ਨਾਲ ਕੰਮ ਕਰਦਾ ਹੋਇਆ ਇਨਾਂ ਗੱਲਾਂ ਤੇ ਧਿਆਨ ਦੇਵੇਗਾ:

➢ **ਆਪਣੀ ਅਨੇਕਤਾ ਨੂੰ ਮਨਾਉਣਾ**

- ਆਪਣੀ ਬਹੁਜਾਤਿ ਅਬਾਦੀ ਨੂੰ ਸਵੀਕਾਰਨਾ
- ਨਵੇਂ ਸੇਵਾ ਪ੍ਰਦਾਨ ਕਰਣ ਵਾਲੇ ਤਰੀਕਿਆਂ ਨਾਲ ਆਪਣੀ ਅਨੇਕਤਾ ਵੱਲ ਉੱਤਰਦਾਈ ਹੋਣਾ
- ਕਮਜੋਰ ਨਿਵਾਸੀਆ ਦੀਆ ਜਰੂਰਤਾ ਦੇ ਪ੍ਰਤੀ ਉੱਤਰਦਾਈ ਹੋਣਾ
- ਬਜੁਰਗਾ ਦੀਆ ਅੱਜ ਅਤੇ ਆਉਣ ਵਾਲੇ ਸਮੇ ਦੀਆ ਜਰੂਰਤਾ, ਉਨਾ ਦੀਆ ਪਹੁੰਚ ਦੀਆ ਜਰੂਰਤਾਂ ਸਮੇਤ, ਦੀ ਵਿਉਤ ਕਰਨੀ
- ਆਪਣੇ ਬਜੁਰਗਾ ਦੇ ਅਨੁਭਵ ਅਤੇ ਗਿਆਨ ਤੋ ਲਾਭ ਉਠਾਉਣਾ
- ਜਰੂਰਤਮੰਦ ਬੱਚਿਆ ਦੇ ਪ੍ਰਤੀ ਉਤਰਦਾਈ ਹੋਣਾ
- ਆਪਣੀ ਯੁਵਾ ਪੀੜ੍ਹੀ ਨੂੰ ਆਪਣੇ ਨਾਲ ਜੋੜਨਾ ਅਤੇ ਉਸੱਤੇ ਪੈਸ਼ਾ ਲਾਉਣਾ

➢ **ਸਜੀਵ ਸ਼ਹਰੀ ਅਤੇ ਪੇਂਡੂ ਕਮਿਊਨਟੀਆਂ ਬਨਾਓਣਾ**

- ਕਮਿਊਨਟੀ, ਪਹਿਚਾਣ ਅਤੇ ਥਾਂ ਦੀ ਇੱਕ ਅੱਛੀ ਸਮਝ ਪੈਦਾ ਕਰਨੀ
- ਆਹਾਰ ਅਤੇ ਮਨੋਰੰਜਨ ਦੇ ਅਵਸਰ ਅਤੇ ਆਕਰਸ਼ਕ ਸਾਰਵਜਨਕ ਥਾਂਵਾਂ ਦੇ ਵਿਕਾਸ ਨੂੰ ਵਧਾਵਾ ਦੇਣਾ
- ਜਿਉਣ ਲਾਇਕ, ਸਹਾਰਾ ਦੇਣ ਵਾਲੀਆ ਅਤੇ ਸੁਰੱਖਿਅਤ ਕਮਿਉਨਟੀਆ ਨੂੰ ਪ੍ਰੋਤਸਾਹਨ ਦੇਣਾ
- ਮਜਬੂਤ ਕਮਿਉਨਟੀ ਭਾਵਨਾਵਾਂ ਦਾ ਪੁਨਰਥਾਣ ਕਰਨਾ ਅਤੇ ਉਨਾਂ ਨੂੰ ਵਧਾਉਣਾ
- ਉੱਚੇ ਦਰਜੇ ਦੇ ਸ਼ਹਰੀ ਢਾਂਚੇ ਨੂੰ ਅੱਗੇ ਵਧਾਉਣਾ
- ਪੈਦਲ ਚੱਲਣ ਵਾਲਿਆਂ ਦੇ ਹਿਮਾਇਤੀ ਅਤੇ ਬੱਸ ਤੇ ਅਧਾਰਤ ਗਵਾਂਡਾਂ ਨੂੰ ਪ੍ਰੋਤਸਾਹਨ ਦੇਣਾ
- ਖੇਤੀਬਾੜੀ ਅਤੇ ਪੈਂਡੂ ਰਹਿਣ ਸਹਿਣ ਅਤੇ ਨਾਲ ਹੀ ਸਾਡੇ ਸ਼ਹਿਰਾਂ ਅਤੇ ਪਿੰਡਾਂ ਦੇ ਵਖਰੇਪਣ ਦੀ ਕਦਰ ਕਰਨੀ
- ਪੈਂਡੂ ਕਮਿਉਨਟੀਆਂ ਦੀ ਸ਼ਹਰੀ ਦਰਜੇ ਦੀਆਂ ਸੇਵਾਵਾਂ ਦੀ ਮੰਗ ਦੀ ਵੰਗਾਰ ਨੂੰ ਸੰਬੋਧਨ ਕਰਨਾ

# ਬਿਹਤਰ ਵਾਤਾਵਰਣ, ਵਿਰਸਾ ਅਤੇ ਤਹਿਜ਼ੀਬ

**ਸੰਨ 2026 ਵਿੱਚ ਵੀ ਯਾਰਕ ਰੀਜਨ ਦੇ ਨਿਵਾਸੀ ਰੀਜਨ ਦੇ ਨਿਰਾਲੇ ਕੁਦਰਤੀ ਵਿਰਸੇ (ਜਮੀਨ, ਹਵਾ, ਪਾਣੀ) ਅਤੇ ਤਹਿਜ਼ੀਬੀ ਵਿਰਸੇ (ਸਾਡੇ ਇਤਿਹਾਸ, ਵਿਰਸੇ, ਧਰਮਾਂ ਅਤੇ ਤਹਿਜ਼ੀਬਾਂ ਲਈ ਮਹੱਤਵ-ਪੂਰਣ ਜਗ੍ਹਾ ਅਤੇ ਇਮਾਰਤਾਂ) ਦਾ ਮਾਨ ਅਤੇ ਕਦਰ ਕਰਨਗੇ।**

ਆਪਣੇ ਇਸ ਲਕਸ਼ ਨੂੰ ਸਾਧਣ ਲਈ ਯਾਰਕ ਰੀਜਨ ਖੇਤਰੀ ਮਓਂਸਪਲਟੀਆਂ ਅਤੇ ਦੂਸਰੇ ਸਹਿਯੋਗੀਆਂ ਨਾਲ ਕੰਮ ਕਰਦਾ ਹੋਇਆ ਇਨਾਂ ਗੱਲਾਂ ਤੇ ਧਿਆਨ ਦੇਵੇਗਾ:

➢ **ਇਕ ਹਰਿਆਲਾ ਯਾਰਕ ਰੀਜਨ ਨਿਸ਼ਚਿਤ ਕਰਨਾ**
- ਨਾਜ਼ੁਕ ਪਹਿਲੂ ਜਿਵੇਂਕਿ ਜੰਗਲਾਤ, ਪਾਣੀ ਦੇ ਸ੍ਰੋਤ, ਓਕ ਰਿੱਜਜ਼ ਮੋਰੇਨ ਅਤੇ ਸਿਮਕੋ ਝੀਲ, ਦੀ ਸੁਰੱਖਿਆ ਕਰਨੀ
- ਸਥਾਈ ਅਤੇ ਜੁੜੇ ਹੋਏ ਹਰਿਅੱਲੇ ਢਾਂਚੇ ਦਾ ਵਿਕਾਸ ਕਰਨਾ
- ਹਰਿਅੱਲੇ ਖੇਤਰ ਲ਼ਈ ਯੋਜਨਾਵਾਂ ਦਾ ਵਿਕਾਸ ਕਰਨਾ ਅਤੇ ਉਹਨਾਂ ਨੂੰ ਆਧਾਰ ਬਨਾਉਣਾ ਜਿਵੇਂਕਿ "York Region Forest and Land Securement Strategy"

➢ **ਸਾਫ ਸੁਥਰੇ ਪਾਣੀ ਅਤੇ ਹਵਾ ਦਾ ਪ੍ਰਬੰਧ ਨਿਸ਼ਚਿਤ ਕਰਨਾ**
- ਭੂਤਲ, ਧਰਾਤਲ ਅਤੇ ਝਰਨਿਆਂ ਦੇ ਪਾਣੀ ਦੀ ਗੁਣਵੱਤਾ ਤੇ ਮਾਤਰਾ ਨੂੰ ਬਚਾਉਣਾ
- ਭੂਤਲ ਦੇ ਪਾਣੀ ਦੇ ਮਹੱਤਵ ਦੀ ਸਮਝ ਨੁ ਅੱਗੇ ਵਧਾਉਣਾ
- ਪੀਣ ਦੇ ਪਾਣੀ ਲਈ ਉੱਚੇ ਮਿਆਰ ਦਾ ਪਾਲਣ ਕਰਨਾ ਅਤੇ ਉਸਨੂੰ ਜਾਰੀ ਰੱਖਣਾ
- ਸਾਫ ਹਵਾ ਦੇ ਪ੍ਰਬੰਧ ਵਾਸਤੇ ਨੀਤੀਆਂ ਅਤੇ ਉਪਰਾਲਿਆਂ ਨੂੰ ਪ੍ਰੋਤਸਾਹਨ ਦੇਣਾ
- ਆਵਾਜਾਈ ਦੇ ਵਿਕੱਲਪ ਜਿਹੜੇ ਹਵਾ ਦੀ ਗੁਣਵੱਤਾ ਨੂੰ ਬੇਹਤਰ ਬਨਾਓਂਦੇ ਹਨ, ਜਿਵੇ ਕਿ ਰੀਜਨਲ ਬੱਸ ਸੇਵਾ ਅਤੇ ਸਾਈਕਲ, ਨੂੰ ਪ੍ਰੋਤਸਾਹਨ ਦੇਣਾ

➢ **ਬੱਚਤ ਨੂੰ ਪ੍ਰੋਤਸਾਹਨ ਦੇਣਾ**
- ਪਾਣੀ ਦੀ ਬੱਚਤ ਨੂੰ ਪ੍ਰੋਤਸਾਹਨ ਦੇਣਾ
- ਖੇਤਰੀ ਸਰਕਾਰ ਦੇ ਕਾਰਜਾਂ ਵਿੱਚ ਉਰਜਾ ਨੂੰ ਵਧੇਰੇ ਉਪਯੋਗੀ ਢੰਗ ਨਾਲ ਇਸਤੇਮਾਲ ਕਰਨਾ
- ਉਰਜਾ ਦੇ ਵਿਕੱਲਪਕ ਸ੍ਰੋਤਾਂ ਨੂੰ ਖੋਜਨਾ ਅਤੇ ਪ੍ਰੋਤਸਾਹਨ ਦੇਣਾ
- ਤਿੰਨ 'ਆਰ': ਬੱਚਤ, ਦੁਬਾਰਾ ਇਸਤੇਮਾਲ ਕਰਨ, ਰੱਦੀ ਨੂੰ ਦੁਬਾਰਾ ਇਸਤੇਮਾਲ ਵਿੱਚ ਲਿਆਉਣ, ਨੂੰ ਪ੍ਰੋਤਸਾਹਨ ਦੇਣਾ
- ਵਾਤਾਵਰਣ ਵਿਚ ਆ ਰਹੇ ਬਦਲਾਓ ਦੀ ਉਮੀਦ ਰਖਣੀ ਅਤੇ ਅਪਣੇ ਆਪ ਨੂੰ ਉਸਦੇ ਮੁਤਾਬਕ ਢਾਲਣਾ

➢ **ਆਪਣੇ ਵਿਰਸੇ ਅਤੇ ਤਹਜ਼ੀਬ ਤੇ ਗਰਵ ਕਰਨਾ**
- ਇਤਿਹਾਸਕ ਸ਼ਹਿਰਾਂ ਅਤੇ ਪੈਂਡੂ ਬੁਨਿਆਦਾਂ ਦੇ ਉਤਸਵ ਮਨਾਉਣਾ
- ਆਪਣੀਆਂ ਨਿਰਾਲੀਆਂ ਤਹਿਜ਼ੀਬੀ ਥਾਂਵਾਂ ਦੀ ਕਦਰ ਕਰਨੀ
- ਆਪਣੀ ਕਲਾ ਅਤੇ ਤਹਿਜ਼ੀਬ ਦੀ ਹਮਾਇਤ ਕਰਨੀ ਅਤੇ ਇਸਨੂੰ ਅਗੇ ਵਧਾਉਣਾ
- ਇਤਿਹਾਸਕ ਭਵਨਾਂ, ਵਿਰਸੇ ਵਾਲੇ ਘਰਾਂ ਅਤੇ ਮਹਤਵ-ਪੂਰਣ ਇਤਿਹਾਸਕ ਖੇਤਰਾਂ ਦੇ ਬਚਾਓ ਨੂੰ ਪ੍ਰੋਤਸਾਹਨ ਦੇਣਾ
- ਆਪਣੀਆਂ ਵੱਧਦੀਆਂ ਫੁਲਦੀਆਂ ਤਹਿਜ਼ੀਬੀ ਅਤੇ ਧਾਰਮਿਕ ਕਮਿਉਨਟੀਆਂ ਨੂੰ ਅਪਨਾਉਣਾ

- ➢ **ਆਪਣੇ ਖੇਤੀ-ਬਾੜੀ ਦੇ ਆਧਾਰ ਨੂੰ ਬਚਾਉਣਾ**
- ਆਪਣੇ ਵਿਰਸੇ ਅਤੇ ਅਰਥ ਵਿਵਸਥਾ ਵਿੱਚ ਖੇਤੀ ਉਦਯੋਗ ਅਤੇ ਬਾਗ਼ਬਾਨੀ ਦੇ ਮਹੱਤਵ ਨੂੰ ਸਵੀਕਾਰਣਾ
- ਉੱਚੀ ਗੁਣਵੱਤਾ ਵਾਲੀਆਂ ਖੇਤੀ ਲਈ ਉਪਜਾਉ ਜ਼ਮੀਨਾਂ, ਜਿਸ ਵਿਚ ਸਥਾਨਕ ਭੋਜਨ ਦੇ ਸਰੋਤ ਜਿਵੇਂਕਿ ਹੱਲੈਂਡ ਮਾਰਸ਼ ਸ਼ਾਮਿਲ ਹਨ, ਨੂੰ ਬਚਾਉਣਾ
- ਖੇਤੀਬਾੜੀ ਖੇਤਰਾਂ ਨੂੰ ਅਯੋਗ ਜਾਂ ਸੰਭਾਵਿਤ ਨੁਕਸਾਨਦੇਹ ਇਸਤੇਮਾਲਾਂ ਤੋਂ ਬਚਾਉਣਾ

# ਇਕ ਸਜੀਵ ਆਰਥਿਕਤਾ

**ਸੰਨ 2026 ਵਿਚ ਯਾਰਕ ਰੀਜਨ ਅਪਣੀ ਉਨੱਤ ਟੈਕਨੋਲਾਜੀ, ਨਵੇਂ ਵਪਾਰਾਂ, ਸਹਾਇਕ ਵਪਾਰਕ ਬੁਨਿਆਦੀ ਢਾਂਚੇ ਅਤੇ ਅਤਿ ਕੁਸ਼ਲ ਵਸਨੀਕ ਕਾਮਿਆਂ ਲਈ ਜਾਣਿਆ ਜਾਵੇਗਾ।**

ਆਪਣੇ ਇਸ ਲਕਸ਼ ਨੂੰ ਸਾਧਣ ਲਈ ਯਾਰਕ ਰੀਜਨ ਖੇਤਰੀ ਮਓਿਂਸਪਲਟੀਆਂ ਅਤੇ ਦੂਸਰੇ ਸਹਿਯੋਗੀਆਂ ਨਾਲ ਕੰਮ ਕਰਦਾ ਹੋਇਆ ਇਨਾਂ ਗੱਲਾਂ ਤੇ ਧਿਆਨ ਦੇਵੇਗਾ:

➢ **ਵਪਾਰਾਂ ਨੂੰ ਆਕਰਸ਼ਤ ਕਰਣਾ ਅਤੇ ਪ੍ਰੋਤਸਾਹਨ ਦੇਣਾ**

- ਵਪਾਰ ਆਰੰਭਣ ਤੋਂ ਉਤਪਾਦਨ ਸ਼ੁਰੂ ਹੋਣ ਤੱਕ, ਵਪਾਰ ਦਾ ਵਿਸਤਾਰ ਕਰਨ ਅਤੇ ਹੋਰ ਨਵੇਂ ਉਤਪਾਦਨ ਸ਼ੁਰੂ ਕਰਨ ਵਿੱਚ ਸਹਾਇਤਾ ਕਰਨੀ
- ਸਫਲ ਵਪਾਰ ਖੇਤਰਾਂ ਦੇ ਪੁਨਰਉਥਾਨ ਨੂੰ ਪ੍ਰੋਤਸਾਹਨ ਦੇਣਾ
- ਆਰਥਿਕ ਵਿਕਾਸ ਦੇ ਅਵਸਰਾਂ ਨੂੰ ਭਾਲਣ ਅਤੇ ਵਧਾਓਣ ਲਈ ਖੇਤਰੀ ਮਉਨਸਪਲਟੀਆਂ ਅਤੇ GTA ਵਿਚ ਅਪਣੇ ਗਵਾਂਢੀਆਂ ਨਾਲ ਸਾਂਝ ਪਾਉਣੀ
- ਯਾਰਕ ਰੀਜਨ ਦੀ ਪ੍ਰਯਟਨ ਸਮਰਥਾ ਜਿਸ ਵਿੱਚ ਬਨ, ਇਤਹਾਸਕ ਪਿੰਡ,ਪਾਰਕ ਅਤੇ ਕਲਾਤਮਕ ਅਤੇ ਸੰਸਕ੍ਰਿਤਿਕ ਕਾਰਵਾਈਆਂ ਸ਼ਾਮਿਲ ਹਨ, ਨੂੰ ਅੱਗੇ ਵਧਾਓਣਾ
- ਵਪਾਰਾਂ ਵਿਚਕਾਰ ਦੋਵੇਂ ਖੇਤਰੀ ਅਤੇ ਸਥਾਨੱਕ ਤੌਰ ਤੇ ਅਤੇ ਵਪਾਰ ਤੇ ਦੂਜੇ ਪ੍ਰਧਾਨ ਖੇਤਰਾਂ (ਉਧਾਰਣ ਦੇ ਤੌਰ ਤੇ ਸਿਹਤ, ਸਿੱਖਿਆ ਅਤੇ ਸਰਕਾਰੀ ਖੇਤਰ) ਵਿਚਕਾਰ ਤਾਲਮੇਲ ਦਾ ਜਾਲ ਵਿਛਾਓਣਾ
- ਵਪਾਰਾਂ ਦੀ ਰੀਜਨ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਨੂੰ ਵਧਾਓਣਾ
- ਯਾਤਾਯਾਤ ਦੇ ਸਾਧਨਾਂ ਦੇ ਵਿਕਾਸ ਦੇ ਜਰੀਏ ਰੀਜਨ ਵਿਚ ਲੋਕਾਂ ਅਤੇ ਸਮਾਨ ਦੀ ਸੁਯੋਗ ਆਵਾਜਾਈ ਵਿਚ ਹਿਮਾਇਤ ਕਰਨੀ
- ਰਹਣ, ਕਮ ਕਰਨ, ਖੇਡਣ ਅਤੇ ਸਿੱਖਣ ਦੀ ਇਕ ਮੰਜ਼ਿਲ ਦੇ ਤੌਰ ਤੇ ਸਾਡੀ ਸਮਰਥਾ ਦੇ ਬਾਰੇ ਵਿਚ ਹੋਰ ਵਧੇਰੀ ਗਲੋਬਲ ਸੂਝ ਪੈਦਾ ਕਰਨੀ

➢ **ਲਗਾਤਾਰ ਸਿੱਖਣ ਨੂੰ ਪ੍ਰੋਤਸਾਹਨ ਦੇਣਾ**

- ਨਿਵਾਸੀਆਂ ਲਈ ਜੀਵਨ ਪਰਯੰਤ ਸਿੱਖਿਆ ਦੇ ਅਵਸਰਾਂ ਅਤੇ ਵੱਡੇ ਪੈਮਾਨੇ ਤੇ ਸਿੱਖਿਆ ਦੇ ਵਿਕੱਲਪਾਂ ਦੇ ਵਿਕਾਸ ਨੂੰ ਪ੍ਰੋਤਸਾਹਨ ਦੇਣਾ
- ਨਿਵਾਸੀਆਂ ਲਈ ਵਧੇਰੇ ਸਕੂਲ ਤੋਂ ਬਾਦ ਦੇ ਸਿੱਖਿਆ ਦੇ ਅਵਸਰਾਂ ਦੇ ਵਿਕਾਸ ਨੂੰ ਪ੍ਰੋਤਸਾਹਨ ਦੇਣਾ
- ਕਾਮਿਆਂ ਅਤੇ ਸਿੱਖਿਆ ਦੀਆਂ ਜਰੂਰਤਾਂ ਦੇ ਨਾਲ ਨਾਲ ਮੁੱਖ ਵਪਾਰਾਂ ਅਤੇ ਸਿੱਖਿਆ ਦੇ ਹਿੱਸੇਦਾਰਾਂ ਨੂੰ ਪਛਾਣਨਾ
- ਵਧੇਰੇ ਪਬਲਿਕ ਜਾਣਕਾਰੀ ਦੇ ਪ੍ਰੋਗਰਾਮ ਜਿਵੇਂ ਕਿ 'ਕੱਲ ਲਈ ਪਾਣੀ' ਦਾ ਵਿਕਾਸ ਕਰਨਾ

➢ **ਨਵੀਆਂ ਕਾਢਾਂ ਨੂੰ ਪ੍ਰੋਤਸਾਹਨ ਅਤੇ ਸਹਾਇਤਾ ਦੇਣੀ**

- ਉਨੱਤ ਤਕਨੀਕੀ ਬੁਨਿਆਦੀ ਢਾਂਚੇ ਨੂੰ ਪ੍ਰੋਤਸਾਹਨ ਦੇਣਾ
- ਸੇਵਾਵਾਂ, ਜਿਵੇਂ ਕਿ ਬੱਸ ਸੇਵਾ, ਦੀ ਲਕਸ਼ ਦੇ ਅਧਾਰ ਤੇ ਵਿਕਾਸ ਦੇ ਜਰੀਏ ਉਦਯੋਗਿਕ ਖੇਤਰਾਂ ਵਿਚ ਰੁਜ਼ਗਾਰ ਵਧਾਉਣ ਵਿਚ ਮਦੱਦ ਕਰਨੀ
- ਕਮਿਉਨਟੀਆਂ ਦੀਆਂ ਥਾਂਵਾਂ ਜਿਵੇਂ ਕਿ ਲਾਇਬਰੇਰੀਆਂ, ਹਸਪਤਾਲਾਂ, ਸਕੂਲਾਂ ਵਿਚ ਟੈਕਨੋਲਾਜੀ ਦੀ ਪਹੁੰਚ ਲਈ ਪ੍ਰਬੰਧ ਨੂੰ ਪ੍ਰੋਤਸਾਹਨ ਦੇਣਾ

# ਅਪਣੇ ਨਾਗਰਿਕਾਂ ਦੀਆਂ ਲੋੜਾਂ ਵੱਲ ਉੱਤਰਦਾਈ ਹੋਣਾ

**ਸੰਨ 2026 ਵਿੱਚ ਵੀ ਯਾਰਕ ਰੀਜਨ ਦੀਆਂ ਮਾਨਵੀ ਸੇਵਾਵਾਂ ਇੱਕ ਸੁਰੱਖਿਅਤ, ਦੇਖਭਾਲ ਕਰਨ ਵਾਲੀ ਅਤੇ ਤੰਦਰੁਸਤ ਕਮਿਉਨਟੀ ਨੂੰ ਪ੍ਰੋਤਸਾਹਨ ਦੇਣਗੀਆਂ ਅਤੇ ਉੱਚੇ ਪੱਧਰ ਦੇ ਜੀਵਨ ਨੂੰ ਪ੍ਰੋਤਸਾਹਿਤ ਅਤੇ ਉਸਦੀ ਸੰਭਾਲ ਕਰਨ ਗੀਆਂ। ਪੁਲੀਸ ਬਲ, ਸਕੂਲ, ਵਪਾਰ, ਘਰ ਉਪਲੱਬਧ ਕਰਾਉਣ ਵਾਲੇ, ਹਸਪਤਾਲ, ਸਮਾਜਿਕ ਸੇਵਾਵਾਂ ਉਪਲੱਬਧ ਕਰਾਉਣ ਵਾਲੇ, ਜਨ-ਸਿਹਤ ਏਜੰਸੀਆਂ, ਮਨੋਰੰਜਨ ਦੀਆਂ ਸੁਵਿਧਾਵਾਂ, ਫਾਇਦਾ ਨਾ ਕਮਾਉਣ ਵਾਲੇ, ਸਵੈ-ਇਛੱਕ ਅਤੇ ਵਪਾਰਕ ਸਮੂਹ ਜਿਹੀਆਂ ਕਈ ਸੰਸਥਾਵਾਂ ਇਕੱਠਿਆਂ ਵਿਓਂਤ ਅਤੇ ਕੰਮ ਕਰਨਗੀਆਂ।**

ਆਪਣੇ ਇਸ ਲਕਸ਼ ਨੂੰ ਸਾਧਣ ਲਈ ਯਾਰਕ ਰੀਜਨ ਖੇਤਰੀ ਮਓਂਸਪਲਟੀਆਂ ਅਤੇ ਦੂਸਰੇ ਸਹਿਯੋਗੀਆਂ ਨਾਲ ਕੰਮ ਕਰਦਾ ਹੋਇਆ ਇਨਾਂ ਗੱਲਾਂ ਤੇ ਧਿਆਨ ਦੇਵੇਗਾ:

➢ **ਲੋਕਾਂ ਦੀਆਂ ਬੁਨਿਆਦੀ ਜਰੂਰਤਾਂ ਪੂਰੀਆਂ ਕਰਨੀਆਂ**
- ਆਸਰੇ ਦੀ ਜ਼ਰੂਰਤ ਨੂੰ ਪੂਰਾ ਕਰਨਾ
- ਰੁਜ਼ਗਾਰ ਦੇ ਅਵਸਰਾਂ ਲਈ ਪਹੁੰਚ ਪ੍ਰਦਾਨ ਕਰਨੀ
- ਸੁਰਖਿਅਤ ਅਤੇ ਕਾਫੀ ਭੋਜਨ ਲਈ ਪਹੁੰਚ ਵਿਚ ਸਹਾਇਤਾ ਕਰਨੀ
- ਬੱਚਿਆਂ ਦੇ ਮੁਢਲੇ ਵਿਕਾਸ ਵਿਚ ਸਹਾਇਤਾ ਕਰਨ ਵਾਲੀਆਂ ਸੇਵਾਵਾਂ ਤਕ ਪਹੁੰਚ ਦੇਣੀ
- ਲੋਕਾਂ ਨੂੰ ਉਪਲੱਬਧ ਸੇਵਾਵਾਂ ਬਾਰੇ ਜਾਣਕਾਰੀ ਦੇਣੀ
- ਸੁਲਭ ਅਤੇ ਵਿੱਤ ਸਿਰ ਯਾਤਾਯਾਤ ਦੇ ਸਾਧਨਾਂ ਦੇ ਜਰੀਏ ਆਵਾਜਾਈ ਨਿਸ਼ਚਿਤ ਕਰਨੀ

➢ **ਸਲਾਮਤ ਅਤੇ ਸੁਰੱਖਿਅਤ ਕਮਿਉਨਟੀਆਂ ਨੂੰ ਪ੍ਰੋਤਸਾਹਨ ਦੇਣਾ**
- ਬੇਹਤਰ ਪੁਲੀਸ ਸੇਵਾ ਪਰਦਾਨ ਕਰਨੀ
- ਕਮਜ਼ੋਰ ਵਰਗਾਂ ਦੀ ਸੁਰੱਖਿਆ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ
- ਪੁਲੀਸ ਅਤੇ ਕਮਿਉਨਟੀਆਂ ਵਿਚਕਾਰ ਮਜ਼ਬੂਤ ਸਾਂਝਾਂ ਉਸਾਰਨੀਆਂ
- ਉੱਚੇ ਪੱਧਰ ਤੇ ਆਪਸੀ ਤਾਲਮੇਲ ਵਾਲੀਆਂ ਅਮਰਜੇਂਸੀ ਸੇਵਾਵਾਂ ਨੂੰ ਪਰਦਾਨ ਕਰਨਾ ਜਾਰੀ ਰੱਖਣਾ

➢ **ਤੰਦਰੁਸਤੀ ਨੂੰ ਪ੍ਰੋਤਸਾਹਨ ਦੇਣਾ**
- ਜੀਵਨ ਦੇ ਸਾਰੇ ਪੜਾਵਾਂ ਵਿਚ ਸਿਹਤ ਦੀਆਂ ਲੋੜਾਂ ਦੀ ਹਿਮਾਇਤ ਕਰਨੀ
- ਸੂਚਨਾ, ਸਿੱਖਯਾ ਅਤੇ ਪਰਹੇਜ ਦੇ ਜਰੀਏ ਸਿਹਤਮੰਦ ਰਹਣ ਸਹਣ ਨੂੰ ਪ੍ਰੋਤਸਾਹਨ ਦੇਣਾ
- ਸਮਾਜਕ ਅਤੇ ਭਾਵਾਤਮਕ ਤੰਦਰੁਸਤੀ ਨੂੰ ਪ੍ਰੋਤਸਾਹਨ ਦੇਣਾ

➢ **ਆਪਣੇ ਮਾਨਵੀ ਸਾਧਨ ਅਤੇ ਸਾਂਝਾਂ ਨੂੰ ਵਿਕਸਤ ਕਰਨਾ**
- ਸਿਹਤ, ਸਿੱਖਿਆ ਅਤੇ ਸਮਾਜ ਸੇਵਾ ਦੇ ਮਾਹਿਰਾਂ ਨੂੰ ਆਕਰਸ਼ਿਤ ਕਰਨਾ
- ਸੇਵਾ ਪ੍ਰਦਾਨ ਕਰਨ ਵਿਚ ਸੁਧਾਰ ਲਈ ਸਵੈਸੇਵਕਾਂ ਦੀ ਭਰਤੀ ਤੇ ਸਿਖਲਾਈ ਕਰਨੀ
- ਵਧੇਰੀਆਂ ਅਤੇ ਬੇਹਤਰ ਸੇਵਾਵਾਂ ਪ੍ਰਦਾਨ ਕਰਨ ਲਈ ਕਮਿਉਨਟੀ ਏਜੰਸੀਆਂ ਨਾਲ ਸਾਂਝ ਪਾਉਣੀ
- ਸੇਵਾਵਾਂ ਪ੍ਰਦਾਨ ਕਰਨ ਲਈ ਨਿਜੀ ਅਤੇ ਆਮ ਖੇਤਰ ਦੇ ਸਾਝੇਦਾਰਾਂ ਨਾਲ ਸਬੰਧ ਬਨਾਉਣੇ
- ਆਪਣੀ ਕਮਿਉਨਟੀ ਨੂੰ ਜ਼ਿੰਮੇਵਾਰੀ ਵਿਚ ਹਿੱਸਾ ਪਾਉਣ ਦੀ ਇਜਾਜ਼ਤ ਦੇਣੀ

# ਸਾਡੇ ਨਿਵਾਸੀਆਂ ਵਾਸਤੇ ਅਪਣੀ ਪਸੰਦ ਦੇ ਘਰ

**ਸੰਨ 2026 ਵਿੱਚ ਵੀ ਯਾਰਕ ਰੀਜਨ ਦੇ ਨਿਵਾਸੀਆਂ ਕੋਲ ਘਰਾਂ ਦੇ ਬਹੁਤ ਸਾਰੇ ਵਿਕਲਪ ਹੋਣਗੇ ਜਿਹੜੇ ਸੁਰੱਖਿਅਤ, ਵਿੱਤ ਸਿਰ ਅਤੇ ਓਹਨਾਂ ਦੀਆਂ ਭਿੰਨ ਭਿੰਨ ਅਤੇ ਬਦਲਦੀਆਂ ਲੋੜਾਂ ਤੇ ਪੂਰਾ ਉੱਤਰਣਗੇ।**

ਆਪਣੇ ਇਸ ਲਕਸ਼ ਨੂੰ ਸਾਧਣ ਲਈ ਯਾਰਕ ਰੀਜਨ ਖੇਤਰੀ ਮਓਿੰਸਪਲਟੀਆਂ ਅਤੇ ਦੂਸਰੇ ਸਹਿਯੋਗੀਆਂ ਨਾਲ ਕੰਮ ਕਰਦਾ ਹੋਇਆ ਇਨਾਂ ਗੱਲਾਂ ਤੇ ਧਿਆਨ ਦੇਵੇਗਾ:

➢ **ਘਰਾਂ ਦੇ ਮੁਨਾਸਬ ਮਿਸ਼ਰਣ ਨੂੰ ਉਪਲੱਬਧ ਕਰਾਓਣਾ**
- ਨਿਵਾਸੀਆਂ ਲਈ ਵਧੇਰੇ ਵਿਕਲਪ ਉਪਲੱਬਧ ਕਰਾਓਣ ਲਈ ਵੱਖ ਵੱਖ ਕਿਸਮ ਦੇ ਘਰਾਂ ਨੂੰ ਪ੍ਰੋਤਸਾਹਨ ਦੇਣਾ
- ਇਹੋ ਜਿਹੇ ਘਰ ਜਿਹੜੇ ਨਿਵਾਸੀਆਂ ਦੀ ਕਿਰਾਏ ਤੇ ਲੈਣ ਜਾਂ ਖਰੀਦਣ ਦੀ ਪਹੁੰਚ ਵਿਚ ਹੋਣ, ਬਨਾਓਣ ਨੂੰ ਪ੍ਰੋਤਸਾਹਨ ਦੇਣਾ
- ਖਾਸ ਕਿਸਮ ਦੇ ਘਰਾਂ ਜਿਵੇਂ ਕਿ ਵਿਕਲੰਗਾਂ ਅਤੇ ਇਕੱਲੇ ਰਹਿੰਦੇ ਬੁਜ਼ੁਰਗਾਂ ਲਈ ਘਰਾਂ ਦੀ ਜਰੂਰਤ ਦੀ ਜ਼ਿੰਮੇਵਾਰੀ ਲੈਣੀ

➢ **ਰਹਣ, ਕੰਮ ਕਰਨ, ਖੇਡਣ ਅਤੇ ਸਿੱਖਣ ਦੇ ਵਿਚਕਾਰ ਮਜ਼ਬੂਤ ਸਬੰਧਾਂ ਲਈ ਵਿਓਂਤ ਕਰਨੀ**
- ਉਹ ਜਗ੍ਹਾਂ ਜਿਥੇ ਨਿਵਾਸੀ ਰਹੰਦੇ, ਕੱਮ ਕਰਦੇ, ਖੇਡਦੇ ਅਤੇ ਸਿੱਖਦੇ ਹਨ, ਨੂੰ ਬੇਹਤਰ ਤਰਾਂ ਆਪਸ ਵਿਚ ਜੋੜਨਾ
- ਕਰਮਚਾਰੀਆਂ ਦੀਆਂ ਜ਼ਰੂਰਤਾਂ ਨੂੰ ਘਰਾਂ ਦੇ ਵਿਕਲਪਾਂ ਨਾਲ ਮਿਲਾਉਣ ਦੇ ਲਈ ਕੰਮ ਕਰਨਾ
- ਨਿਜੀ ਤੇ ਆਮ ਸੇਵਾਵਾਂ ਦਾ ਲੋਕਾਂ ਦੇ ਰਹਣ ਦੀਆਂ ਜਗ੍ਹਾਂ ਦੇ ਨਜ਼ਦੀਕ ਵਿਕਾਸ ਨੂੰ ਪ੍ਰੋਤਸਾਹਨ ਦੇਣਾ

➢ **ਸ਼ੁਚੱਜੀ ਬਣਤ ਵਾਲੀਆਂ ਅਤੇ ਵੱਸਣ ਲਾਇਕ ਕਮਿਉਨਟੀਆਂ ਬਨਾਓਣਾ**
- ਸ਼ੁਚੱਜੀ ਵਿਓਂਤ ਅਤੇ ਬਣਤ ਜਿਹੜੀ ਲੋਕਾਂ ਦੀਆਂ ਜ਼ਰੂਰਤਾਂ ਤੇ ਜੋਰ ਦੇਵੇ, ਨੂੰ ਪ੍ਰੋਤਸਾਹਨ ਦੇਣਾ
- ਘਰਾਂ ਦੀਆਂ ਸੜਕਾਂ ਨੂੰ ਬੇਹਤਰ ਬਨਾਓਣਾ
- ਸੰਘਣੀਆਂ ਕਮਿਉਨਟੀਆਂ ਜਿੱਥੇ ਲੋਕੀ ਸੇਵਾਵਾਂ ਪ੍ਰਾਪਤ ਕਰਨ ਲਈ ਪੈਦਲ ਚੱਲ ਕੇ ਜਾ ਸਕਣ, ਨੂੰ ਪ੍ਰੋਤਸਾਹਨ ਦੇਣਾ
- ਕੁਦਰਤ ਦੇ ਵਿਕਾਸ ਦੇ ਨਾਲ ਜੋੜਣ ਨੂੰ ਪ੍ਰੋਤਸਾਹਨ ਦੇਣਾ
- ਨਵੇਂ ਵਿਕਾਸ ਕਾਰਜਾਂ ਵਿਚ ਨਿਰਮਾਣ ਨਿਅੰਤਰਣ ਉਪਾਵਾਂ ਨੂੰ ਲਾਗੂ ਕਰਨਾ ਅਤੇ ਪ੍ਰੋਤਸਾਹਨ ਦੇਣਾ

➢ **ਘਰਾਂ ਦੀਆਂ ਮੁੱਖ ਲੋੜਾਂ ਨੂੰ ਸੰਬੋਧਨ ਕਰਨਾ**
- ਬੇਘਰਤਾ ਨੂੰ ਸੰਬੋਧਨ ਕਰਨਾ ਅਤੇ ਬੇਘਰਤਾ ਨੂੰ ਰੋਕਣ ਵਾਲੇ ਪ੍ਰੋਗਰਾਮ ਉਲੀਕਣੇ
- ਕਮਜ਼ੋਰ ਨਿਵਾਸੀਆਂ ਲਈ ਆਸਰੇ ਅਤੇ ਵਿੱਤ ਸਿਰ ਮਾਲਕੀ ਦੇ ਵਿਕਲਪਾਂ ਸਮੇਤ ਅਨੇਕ ਤਰਾਂ ਦੀਆਂ ਘਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੀਆਂ ਨੀਤੀਆਂ ਅਤੇ ਪ੍ਰੋਗਰਾਮਾ ਦਾ ਵਿਕਾਸ ਕਰਨਾ
- ਮਿਸ਼ਰਤ ਆਮਦਨ ਵਾਲੇ ਘਰ ਬਨਾਉਣ ਲਈ ਨਿਜੀ ਅਤੇ ਫਾਇਦਾ ਨਾ ਕਮਾਉਣ ਵਾਲੇ ਖੇਤਰਾਂ ਅਤੇ ਦੂਜੀਆਂ ਸਰਕਾਰਾਂ ਦੇ ਨਾਲ ਉਤਪਾਦੱਕ ਸਾਂਝ ਨੂੰ ਪ੍ਰੋਤਸਾਹਨ ਦੇਣਾ
- ਸਰਕਾਰ ਦੇ ਉਪਰਲੇ ਦਰਜਿਆਂ ਤੋਂ ਘਰਾਂ ਦੇ ਨਿਰਮਾਣ ਲਈ ਵਧੇਰੀ ਪੂੰਜੀ ਦੀ ਮੰਗ ਕਰਨੀ

# ਸੰਚਾਲਤ ਅਤੇ ਸੰਤੁਲਤ ਵਿਕਾਸ

**ਸੱਨ 2026 ਵਿੱਚ ਯਾਰਕ ਰੀਜਨ ਏਸੀ ਚਾਲ ਤੇ ਅਗਾਂ ਵਧ ਚੁਕਿਆ ਹੋਵੇਗਾ ਜਿਹੜੀ ਤੰਦਰੁਸਤ ਕਮਿਉਨਟੀਆਂ, ਆਰਥਕ ਤਾਕਤ, ਪਾਲਣਹਾਰ ਕੁਦਰਤੀ ਵਾਤਾਵਰਣ ਅਤੇ ਮਾਨਵੀ ਸੇਵਾਵਾਂ ਦੀ ਹਿਮਾਇਤ ਕਰੇਗੀ।**

ਆਪਣੇ ਇਸ ਲਕਸ਼ ਨੂੰ ਸਾਧਣ ਲਈ ਯਾਰਕ ਰੀਜਨ ਖੇਤਰੀ ਮਓਿੰਸਪਲਟੀਆਂ ਅਤੇ ਦੂਸਰੇ ਸਹਿਯੋਗੀਆਂ ਨਾਲ ਕੰਮ ਕਰਦਾ ਹੋਇਆ ਇਨਾਂ ਗੱਲਾਂ ਤੇ ਧਿਆਨ ਦੇਵੇਗਾ:

➢ **ਪ੍ਰਗਤੀ ਦੇ ਸੰਚਾਲਨ ਲਈ ਇਕ ਮਹੱਤਵਾਕਾਂਖੀ ਪਹੁੰਚ ਨੂੰ ਅਪਨਾਓਣਾ**

- ਰੁਜ਼ਗਾਰ ਤੇ ਅਬਾਦੀ ਦੀ ਬਢੋਤਰੀ ਦੀਆਂ ਥਾਂਵਾਂ ਵਿਚਕਾਰ ਤਾਲਮੇਲ ਬਿਠਾਓਣਾ
- ਸ਼ਹਿਰੀ ਖੇਤਰਾਂ ਵਿਚ ਜ਼ਮੀਨ, ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੀ ਸੁਯੋਗ ਵਰਤੌਂ ਕਰਨਾ
- ਬੁਨਿਆਦੀ ਢਾਂਚੇ ਅਤੇ ਸੇਵਾਵਾਂ (ਜਿਵੇਂਕਿ ਸਕੂਲ, ਕਮਿਉਨਟੀ ਸੁਵਿਧਾਵਾਂ, ਸਾਰੇ ਸਾਧਨ ਅਤੇ ਸੜਕਾਂ) ਦੇ ਵਿਕਾਸ ਤੇ ਨਵੇਂ ਵਧਦੇ ਖੇਤਰਾਂ ਦੇ ਵਿਕਾਸ ਦੇ ਵਕਤ ਦੇ ਵਿਚਕਾਰ ਤਾਲਮੇਲ ਬਿਠਾਓਣਾ

➢ **ਪ੍ਰਗਤੀ ਅਤੇ ਵਾਤਾਵਰਣ ਵਿਚ ਸੰਤੁਲਨ ਰੱਖਣਾ**

- ਵਾਤਾਵਰਣ ਸਬੰਧੀ ਯੋਜਨਾਵਾਂ ਅਤੇ ਇਸਦੀ ਸੁਰੱਖਿਆ ਵਿਚ ਅਗਵਾਈ ਕਰਨੀ

➢ **ਪ੍ਰਗਤੀ ਤੇ ਪੂੰਜੀ ਲਾਓਣਾ**

- ਭਵਿੱਖ ਦੀਆਂ ਲੋੜਾਂ ਲਈ ਮੁਨਾਸਬ ਧਨ ਨਿਸ਼ਚਿਤ ਕਰਨਾ
- ਸਰਮਾਏ ਸਬੰਧੀ ਦੂਰਗਾਮੀ ਯੋਜਨਾਵਾਂ ਤੇ ਧਿਆਨ ਦੇਣਾ
- ਸਥਾਨਕ ਮਓਿੰਸਪਲਟੀਆਂ ਨਾਲ ਜਤਨਾਂ ਦਾ ਤਾਲਮੇਲ ਰੱਖਣਾ
- ਪੂੰਜੀ ਇਕੱਠੀ ਕਰਨ ਦੇ ਨਵੇ ਤਰੀਕਿਆਂ ਦੇ ਵਿਕਾਸ ਲਈ ਸੰਘੀ ਤੇ ਪ੍ਰਦੇਸ਼ਕ ਸਰਕਾਰਾਂ ਅਤੇ ਨਿਜੀ ਖੇਤਰ ਨਾਲ ਸਾਂਝ ਪਾਓਣੀ

➢ **ਮਾਨਵੀ ਸੇਵਾਵਾਂ ਲਈ ਵਿਓਂਤਬੰਦੀ ਕਰਨੀ**

- ਇਕ ਵੱਧਦੀ ਫੁੱਲਦੀ ਅਬਾਦੀ ਦੀਆਂ ਮਾਨਵੀ ਸੇਵਾਵਾਂ ਦੀਆਂ ਲੋੜਾਂ ਦੀ ਉਮੀਦ ਰੱਖਣੀ ਤੇ ਓਨਾਂ ਤੇ ਧਿਆਨ ਦੇਣਾ
- "Human Services Planning Coalition" ਜਿਹੇ ਜੁਟਾਂ ਦੇ ਜਰਿਏ ਖੇਤਰਾਂ ਵਿਚਕਾਰ ਮਾਨਵੀ ਸੇਵਾਵਾਂ ਲਈ ਵਿਓਂਤਬੰਦੀ ਕਰਨੀ ਅਤੇ ਪਰੋਗਰਾਮ ਉਲੀਕਣ ਦੀ ਹਿਮਾਇਤ ਕਰਨੀ

# ਇਕ ਪਰਗਤੀਸ਼ੀਲ ਰੀਜਨ ਲਈ ਬੁਨਿਆਦੀ ਢਾਂਚਾ

## ਸੰਨ 2026 ਵਿਚ ਯਾਰਕ ਰੀਜਨ ਵਿਚ ਯਾਤਾਯਾਤ, ਕੂੜੇ ਦੇ ਨਿਪਟਾਰੇ ਅਤੇ ਪਾਣੀ ਦੇ ਲਈ ਕਾਰਗਰ, ਸੁਯੋਗ ਅਤੇ ਵਾਤਾਵਰਣ ਲਈ ਸੰਵੇਦਨਸ਼ੀਲ ਪ੍ਰਣਾਲੀ ਹੋਵੇਗੀ।

ਆਪਣੇ ਇਸ ਲਕਸ਼ ਨੂੰ ਸਾਧਣ ਲਈ ਯਾਰਕ ਰੀਜਨ ਖੇਤਰੀ ਮਿਓਂਸਪਲਟੀਆਂ ਅਤੇ ਦੂਸਰੇ ਸਹਿਯੋਗੀਆਂ ਨਾਲ ਕੰਮ ਕਰਦਾ ਹੋਇਆ ਇਨਾਂ ਗੱਲਾਂ ਤੇ ਧਿਆਨ ਦੇਵੇਗਾ:

➢ **ਇੱਕਜੁਟ ਆਵਾਜਾਈ ਦਾ ਜਾਲ ਬਿਛਾਓਣਾ**

- ਭੀੜ ਘਟਾਓਣ ਲਈ ਨਵੀਆਂ ਕਾਢਾਂ ਤੇ ਟੈਕਨੋਲਾਜੀ ਨੂੰ ਖੋਜਣਾ ਤੇ ਲਾਗੂ ਕਰਨਾ
- ਪ੍ਰਾਂਤੀ ਅਤੇ ਖੇਤਰੀ ਬੁਨਿਆਦੀ ਢਾਂਚੇ ਨਾਲ ਸੁਯੋਗ ਤਰੀਕੇ ਨਾਲ ਕੰਮ ਕਰਣ ਲਈ ਆਪਣੀ ਸੜਕ ਪ੍ਰਣਾਲੀ ਦੀ ਵਿਓਂਤਬੰਦੀ ਕਰਨੀ
- ਆਪਣੇ ਆਵਾਜਾਈ ਦੇ ਜਾਲ ਦਾ ਵਿਕਾਸ ਦੇ ਨਾਲ ਜੁੜੇ ਹੋਣ ਨੂੰ ਨਿਸ਼ਚਿਤ ਕਰਨਾ
- ਆਵਾਜਾਈ ਦੇ ਵਿਕਲਪ, ਜਿੰਵੇ ਕਿ ਪੈਦਲ ਚਲਣਾ ਅਤੇ ਸਾਈਕਲ ਚਲਾਓਣਾ, ਲਈ ਵਿਵਸਥਾ ਕਰਨੀ
- ਕਾਰਗਰ ਪੁਲੀਸ ਵਿਵਸਥਾ, ਸਿੱਖਿਆ ਅਤੇ ਸੰਵੇਦਨਸ਼ੀਲ ਉਪਾ ਦੇ ਜਰਿਐ ਯਾਰਕ ਰੀਜਨ ਦੀਆਂ ਸੜਕਾਂ ਤੇ ਸੁਰੱਖਿਆ ਨੂੰ ਪ੍ਰੋਤਸਾਹਨ ਦੇਣਾ

➢ **ਬੱਸ ਸੇਵਾ ਨੂੰ ਪਹੁੰਚ ਵਿਚ ਲਿਆਓਣਾ**

- ਕਾਮਯਾਬ ਇੱਕਜੁਟ ਬੱਸ ਸੇਵਾ ਲਈ ਸੇਵਾ ਅਤੇ ਬੁਨਿਆਦੀ ਢਾਂਚੇ ਵਿਚ ਲਗਾਤਾਰ ਸੁਧਾਰ ਵਿਕਾਸ ਕਰਨਾ
- ਵਿਸ਼ੇਸ਼ ਬੱਸ ਸੇਵਾ ਪ੍ਰਦਾਨ ਕਰਨ ਨੂੰ ਬੇਹਤਰ ਬਨਾਓਣਾ
- ਬੱਸ ਸੇਵਾਵਾਂ ਦੀਆਂ ਕਿਸਮਾਂ ਦੇ ਇਕ ਮਾਣਕ ਮਿਸ਼੍ਰਣ ਦਾ ਵਿਕਾਸ ਕਰਨਾ
- ਨਿਜੀ ਵਾਹਨਾਂ ਦੇ ਇਸਤੇਮਾਲ ਦੇ ਇਕ ਵਿਵਹਾਰਕ ਤੇ ਅਕਲਮੰਦ ਵਿਕਲਪ ਦੇ ਤੌਰ ਤੇ ਬੱਸ ਸੇਵਾ ਦੇ ਇਸਤੇਮਾਲ ਨੂੰ ਪ੍ਰੋਤਸਾਹਨ ਦੇਣਾ
- ਖੇਤਰੀ ਰੁਜ਼ਗਾਰ ਦੀਆਂ ਥਾਵਾਂ ਤੇ ਉਚੇ ਪੱਧਰ ਦੀਆਂ ਬੱਸ ਸੇਵਾਵਾਂ ਦੀ ਵਿਓਂਤ ਕਰਨੀ
- ਹਾਨੀਕਾਰਕ ਗੈਸਾਂ ਦੇ ਨਿਕਾਸ ਨੂੰ ਘਟਾਓਣ ਲਈ ਉਰਜਾ ਦੇ ਦੂਸਰੇ ਸਾਧਨ ਖੋਜਣਾ

➢ **ਕੂੜੇ ਨੂੰ ਘਟਾਓਣ ਦੇ ਉਪਾ ਕਰਨੇ**

- ਕੂੜੇ ਦੇ ਦੁਬਾਰਾ ਇਸਤਿਮਾਲ ਸਮੇਤ, ਕੂੜੇ ਨੂੰ ਸੁੱਟਣ ਵਾਲੀਆਂ ਥਾਵਾਂ ਤੋਂ ਕੂੜੇ ਨੂੰ ਪਾਸੇ ਹਟਾਓਣ ਨੂੰ ਪ੍ਰੋਤਸਾਹਨ ਦੇਣਾ
- ਕੂੜੇ ਦੇ ਦੁਬਾਰਾ ਇਸਤਿਮਾਲ ਅਤੇ ਇਸ ਬਾਰੇ ਜਾਣਕਾਰੀ ਦੇ ਪ੍ਰੋਗਰਾਮ ਨੂੰ ਅੱਗੇ ਵਧਾਓਣਾ
- ਕੂੜੇ ਨੂੰ ਘਟਾਓਣ ਅਤੇ ਇਸ ਦਾ ਪ੍ਰਬੰਧ ਕਰਣ ਲਈ ਨਵੀਆਂ ਟੈਕਨੋਲਾਜੀਆਂ ਦੀ ਖੋਜ ਕਰਨੀ
- ਕੂੜੇ ਨੂੰ ਘਟਾਓਣ ਵਿਚ ਆਗੂ ਬਣਨਾ

➢ **ਆਪਣੇ ਭਵਿੱਖ ਲਈ ਪਾਣੀ ਨਿਸ਼ਚਿਤ ਕਰਨਾ**

- ਲੰਮੇ ਸਮੇ ਲਈ ਯਾਰਕ ਰੀਜਨ ਵਾਸਤੇ ਪਾਣੀ ਦੇ ਸਰੋਤ ਨੂੰ ਨਿਸ਼ਚਿਤ ਕਰਨਾ
- ਖੇਤਰੀ ਮਿਓਂਸਪਲ ਪ੍ਰਣਾਲੀਆਂ ਅਤੇ ਸੁਵਿਧਾਵਾਂ ਲਈ ਸੁਰਖਿਅਤ ਅਤੇ ਭਰੋਸੇਮੰਦ ਪਾਣੀ ਦਾ ਪ੍ਰਬੰਧ ਕਰਨਾ
- ਸਥਿਰ ਅਤੇ ਵਾਜਬ ਲਾਗਤ ਨਾਲ ਗੰਦੇ ਪਾਣੀ ਨੂੰ ਸਾਫ਼ ਕਰਨ ਦੇ ਸਾਧਨ ਨਿਸ਼ਚਿਤ ਕਰਨੇ
- ਨਵੀਆਂ ਪ੍ਰਣਾਲੀਆਂ, ਜਿਹੜੀਆਂ ਵਰਿਧੀ ਦੀ ਉਮੀਦ ਰਖਦੀਆਂ ਹਨ, ਦਾ ਵਿਕਾਸ ਕਰਨਾ
- ਵਾਤਾਵਰਣ ਲਈ ਸੰਵੇਦਨਸ਼ੀਲ ਤਰੀਕਿਆਂ ਨੂੰ ਸ਼ਾਮਲ ਕਰਨ ਲਈ ਪਾਣੀ ਦੇ ਸਾਧਨਾਂ ਨੂੰ ਵਿਕਸਿਤ ਕਰਨਾ

# ਵਚਨਬਧ ਕਮਿਊਨਟੀਆਂ ਅਤੇ ਇਕ ਉੱਤਰਦਾਈ ਰੀਜਨ

**ਸੰਨ 2026 ਵਿੱਚ ਯਾਰਕ ਰੀਜਨ ਨਾਗਰਿਕਾਂ ਨੂੰ ਆਪਣੇ ਨਾਲ ਜੋੜਨ ਵਾਸਤੇ ਜਾਣਿਆ ਜਾਏਗਾ ਅਤੇ ਆਪਣੀ ਨੀਤੀਆਂ ਬਨਾਉਣ ਦੀ ਪਾਰਦਰਸ਼ਤਾ ਅਤੇ ਫੈਸਲਾ ਕਰਨ ਦੀਆਂ ਪ੍ਰਕਿਰਆਵਾਂ, ਕਾਰਗਰ ਵਿਵਹਾਰ, ਮਜ਼ਬੂਤ ਸਾਂਝਾਂ, ਪੂਰੀ ਜ਼ਿੰਮੇਵਾਰੀ ਅਤੇ ਬੇਹਤਰ ਸੇਵਾ ਦਾ ਇੱਕ ਉੱਚਾ ਮਿਆਰ ਸਥਾਪਤ ਕਰਦਾ ਰਹੇਗਾ।**

ਆਪਣੇ ਇਸ ਲਕਸ਼ ਨੂੰ ਸਾਧਣ ਲਈ ਯਾਰਕ ਰੀਜਨ ਖੇਤਰੀ ਮਓਂਸਪਲਟੀਆਂ ਅਤੇ ਦੂਸਰੇ ਸਹਿਯੋਗੀਆਂ ਨਾਲ ਕੰਮ ਕਰਦਾ ਹੋਇਆ ਇਨਾਂ ਗੱਲਾਂ ਤੇ ਧਿਆਨ ਦੇਵੇਗਾ:

➢ **ਗਾਹਕਾਂ ਦੀਆਂ ਲੋੜਾਂ ਨੂੰ ਚੁਸਤੀ ਨਾਲ ਪੂਰਿਆਂ ਕਰਨਾ**
- ਗਾਹਕਾਂ ਦੀ ਸੇਵਾ ਦਾ ਇਕ ਉਚਾ ਮਿਆਰ ਸਥਾਪਤ ਕਰਨਾ
- ਆਪਣੀ ਬਹੁਭਾਸ਼ੀ ਅਬਾਦੀ ਨੂੰ ਸੇਵਾਵਾਂ ਪ੍ਰਦਾਨ ਕਰਨੀਆਂ
- ਸਹੀ ਸਮੇਂ; ਥਾਂ ਅਤੇ ਕੀਮਤ ਤੇ ਸੇਵਾਵਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ

➢ **ਉਚ ਅਦਾਕਾਰੀ ਵਾਲੇ ਦਲ ਬਨਾਓਣੇ**
- ਪ੍ਰਭਾਵਸ਼ਾਲੀ ਕਰਮਚਾਰੀ ਮੰਡਲ ਨੁ ਆਕਰਸ਼ਤ ਕਰਨਾ ਅਤੇ ਰੱਖਣਾ
- ਆਪਣੀ ਸੰਸਥਾ ਵਿਚ ਲਗਾਤਾਰ ਸਿਖੱਣ ਨੂੰ ਪ੍ਰੋਤਸਾਹਨ ਦੇਣਾ

➢ **ਸੇਵਾ ਪ੍ਰਦਾਨ ਕਰਨ ਵਿਚ ਸਾਂਝ ਪਾਓਣੀ**
- ਸੰਘੀ ਤੇ ਪ੍ਰਦੇਸ਼ਕ ਸਰਕਾਰਾਂ, ਸਾਂਝੇਦਾਰਾਂ ਨਾਲ ਮਿਲ ਕੇ ਕੰਮ ਕਰਨਾ
- ਖੇਤਰੀ ਮਓਂਸਪਲ ਅਤੇ ਗਵਾਂਡੀ ਮਓਂਸਪਲ ਸਰਕਾਰਾਂ ਨਾਲ ਤਾਲਮੇਲ ਕਰਕੇ ਸੇਵਾ ਵਿਚ ਵਾਧਾ ਕਰਨਾ
- ਕਮਿਉਨਟੀ ਅਜੈਂਸੀਆਂ ਅਤੇ ਸੰਸਥਾਵਾਂ ਦੇ ਨਾਲ ਕਾਰਗਰ ਰਿਸ਼ਤਾ ਕਾਇਮ ਕਰਨਾ
- ਨਿਜੀ ਖੇਤਰ ਨੂੰ ਸੇਵਾ ਪ੍ਰਦਾਨ ਕਰਨ ਦੇ ਵਿਕਲਪਾਂ ਵਿਚ ਸ਼ਾਮਲ ਕਰਨਾ

➢ **ਇਕ ਏਸਾ ਰੀਜਨ ਜਿਹੜਾ ਨਾਗਰਿਕਾਂ ਨੂੰ ਆਪਣੇ ਨਾਲ ਜੋੜਦਾ ਹੈ**
- ਆਪਣੇ ਨਿਵਾਸੀਆਂ ਨੂੰ ਉਹਨਾਂ ਫੈਸਲਿਆਂ ਨਾਲ ਜੋੜਨਾ ਜਿਹੜੇ ਓਹਨਾਂ ਦੇ ਜੀਵਨ ਤੇ ਅਸਰ ਪਾਓਂਦੇ ਹਨ
- ਜਾਣਕਾਰੀ ਦੇ ਅਦਲ ਬਦਲ ਲਈ ਟੈਕਨੋਲਾਜੀ ਦੇ ਇਸਤੇਮਾਲ ਸਣੇ ਨਾਗਰਿਕਾਂ ਦੇ ਨਾਲ ਦੋ-ਤਰਫਾ ਗੱਲਬਾਤ ਨੂੰ ਵਧਾਵਾ ਦੇਣਾ
- ਕਾਰਗਰ ਹੱਲਾਂ ਦੇ ਵਿਕਾਸ ਲਈ ਨਾਗਰਿਕਾਂ ਅਤੇ ਗਵਾਂਡਾਂ ਦੇ ਦਲਾਂ ਨਾਲ ਅਰਥਪੂਰਣ ਵਿਚਾਰ ਵਟਾਂਦਰੇ ਦਾ ਇਸਤੇਮਾਲ ਕਰਨਾ
- ਯਾਰਕ ਰੀਜਨ ਦੇ ਵਪਾਰਾਂ ਨੂੰ ਕਾਰਗਰ ਤੌਰ ਤੇ ਜੋੜਨਾ

➢ **ਵਿੱਤੀ ਤੌਰ ਤੇ ਜ਼ਿੰਮੇਵਾਰ ਹੋਣਾ**
- ਸੇਵਾ ਪ੍ਰਦਾਨ ਕਰਨ ਦੇ ਵਿਕਲਪਾਂ ਅਤੇ ਓਹਨਾਂ ਲਈ ਪੂੰਜੀ ਨੂੰ ਖੋਜਣਾ
- ਸਹੀ ਕੀਮਤ ਤੇ ਕਾਰਗਰ ਸੇਵਾ ਪ੍ਰਦਾਨ ਕਰਨੀ
- ਪੂੰਜੀ ਦੇ ਹੋਰ ਸਰੋਤਾਂ ਨੂੰ ਖੋਜਣਾ

➢ **ਉਤਰਦਾਈ ਹੋਣਾ**
- ਆਪਣੀ ਕਾਰਜ ਸਿੱਧੀ ਨੂੰ ਜਾਂਚਣਾ ਅਤੇ ਉਸ ਦੇ ਬਾਰੇ ਵਿਚ ਜਾਣਕਾਰੀ ਦੇਣਾ
- ਆਪਣੇ ਨਾਗਰਿਕਾਂ ਦੇ ਵਿਚਾਰ ਜਾਣਨੇ

# ਦ੍ਰਿਸ਼ਟੀਕੋਣ ਨੂੰ ਲਾਗੂ ਕਰਨਾ

ਲਾਗੂ ਕਰਨਾ ਤੇ ਪੜਚੋਲ ਕਰਨੀ ਕਿਸੇਵੀ ਯੋਜਨਾ ਦੀ ਕਾਮਯਾਬੀ ਦੇ ਜ਼ਰੂਰੀ ਅੰਗ ਹਨ। ਜਿਵੇਂ ਜਿਵੇਂ ਅਸੀ ਅਗਾਂ ਵਧਦੇ ਹਾਂ ਜਾਂ ਹਾਲਾਤ ਤੇ ਰੁਝਾਨ ਬਦਲਦੇ ਹਨ, ਦ੍ਰਿਸ਼ਟੀਕੋਣ 2026 ਦੀ ਕਾਮਯਾਬੀ ਨਿਸ਼ਚਿਤ ਕਰਨ ਲਈ ਸਾਨੂੰ ਇਹ ਨਾਪਣ ਦੀ ਕਿ ਲਕਸ਼ ਕਿਵੇਂ ਪੂਰੇ ਕੀਤੇ ਜਾ ਰਹੇ ਹਨ ਅਤੇ ਇਹਨਾਂ ਲਕਸ਼ਾਂ ਦੀ ਯੋਗਤਾ ਤੇ ਨਿਗਾਹ ਰਖੱਣ ਦੀ ਲੋੜ ਹੈ।

ਦ੍ਰਿਸ਼ਟੀਕੋਣ 2026 ਰੀਜਨ ਦੀ ਮਹੱਤਵਾਕਾਂਖੀ ਵਿਉਂਤਬੰਦੀ ਅਤੇ ਵਪਾਰਕ ਵਿਉਂਤਬੰਦੀ ਦੀਆਂ ਪ੍ਰਕਿਰਆਵਾਂ ਦਾ ਇਕ ਮੁੱਖ ਅੰਗ ਹੈ। ਦ੍ਰਿਸ਼ਟੀਕੋਣ 2026 ਕੌਂਸਿਲ ਅਤੇ ਖੇਤਰੀ ਕਰਮਚਾਰੀਆਂ ਲਈ ਇਕ ਸਮੂਚਾ ਦ੍ਰਿਸ਼ਟੀਕੋਣ ਅਤੇ ਦਿਸ਼ਾ ਨਿਰਧਾਰਤ ਕਰਦਾ ਹੈ। ਇਹ ਇਕ ਸਪਸ਼ਟ ਢਾਂਚਾ, ਜਿਸ ਵਿਚੋਂ ਕਾਰਪੋਰੇਸ਼ਨ ਅਤੇ ਅੱਡੋ ਅੱਡ ਵਿਭਾਗਾਂ ਲਈ ਹੋਰ ਵਧੇਰੀਆਂ ਵਿਸਤਾਰਤ ਯੋਜਨਾਵਾਂ ਵਿਕਸਤ ਕੀਤੀਆਂ ਜਾ ਸਕਦੀਆਂ ਹਨ, ਪ੍ਰਦਾਨ ਕਰਦਾ ਰਹੇਗਾ।

ਰੀਜਨ ਦੀਆਂ ਬਹੁਤ ਸਾਰੀਆਂ ਕਾਮਯਾਬੀ ਦੀਆਂ ਕਹਾਣੀਆਂ, ਉਪਰਾਲਿਆਂ ਸਮੇਤ – ਹੋਰ ਸੇਵਾਵਾਂ ਦੇ ਨਾਲ ਨਾਲ ਸਰਕਾਰੀ ਖੇਤਰੀ ਯੋਜਨਾ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਗੰਦੇ ਪਾਣੀ ਦੇ ਨਿਕਾਸ ਲਈ ਇਕ ਦੂਰਅੰਦੇਸ਼ ਵਿਓਂਤ, ਮਾਨਵੀ ਸੇਵਾਵਾਂ ਲਈ ਵਿਓਂਤ, ਬੇਘਰਾਂ ਲਈ ਕਾਰਵਾਈ ਕਰਨ ਵਾਲੇ ਬੱਲ ਦਾ ਕੰਮ ਅਤੇ ਇਕ ਖੇਤਰੀ ਬੱਸ ਸੇਵਾ ਦਾ ਗਠਨ ਕਰਨਾ, ਦ੍ਰਿਸ਼ਟੀਕੋਣ 2021 ਦੇ ਜਵਾਬ ਵਿਚ ਉਭਰੀਆਂ ਹਨ। ਦ੍ਰਿਸ਼ਟੀਕੋਣ 2026 ਭਵਿੱਖ ਦੇ ਮਹੱਤਵਾਕਾਂਖੀ ਉਪਰਾਲਿਆਂ ਲਈ ਮੈਦਾਨ ਤਿਆਰ ਕਰਦਾ ਹੈ।

ਦ੍ਰਿਸ਼ਟੀਕੋਣ 2026 ਦੇ ਲਕਸ਼ਾਂ ਅਤੇ ਕਾਰਜ ਖੇਤਰਾਂ ਨੂੰ ਸਾਧਣ ਵਿਚ ਹੋਈ ਸਫਲਤਾ ਨੂੰ ਯਾਰਕ ਰੀਜਨ ਦੀ ਵਪਾਰਕ ਯੋਜਨਾ ਅਤੇ ਬਜੱਟ ਦੀਆਂ ਪ੍ਰਕਿਰਆਵਾਂ ਦੇ ਜਰੀਏ ਨਾਪਿਆ ਜਾਏਗਾ। ਰੀਜਨ ਦਾ ਸਾਲਾਨਾ ਵਪਾਰਕ ਯੋਜਨਾ ਪ੍ਰਕਿਰਆ ਦੇ ਜਰੀਏ ਕਾਰਜ ਸਿੱਧੀ ਨੂੰ ਨਾਪਣ ਦਾ ਇਕ ਵਿਸਤਾਰਤ ਪ੍ਰੋਗਰਾਮ ਹੈ। ਇਹ ਪ੍ਰੋਗਰਾਮ ਵਿਭਾਗ ਦੇ ਪੱਧਰ ਤੇ ਵਿਸਤਾਰਤ ਪੈਮਾਨੇ ਪ੍ਰਦਾਨ ਕਰਦਾ ਹੈ ਅਤੇ ਦ੍ਰਿਸ਼ਟੀਕੋਣ 2026 ਦੇ ਵਿਚੋਂ ਹੀ ਉਚੇ ਪੱਧਰ ਦੇ ਪੈਮਾਨੇਆਂ ਨਾਲ ਤਾਲਮੇਲ ਰਖਣ ਲਈ ਵਿਕਸਤ ਹੋਏਗਾ।

ਹੇਠਲਾ ਚਾਰਟ ਦ੍ਰਿਸ਼ਟੀਕੋਣ ਨੂੰ ਲਾਗੂ ਕਰਨ ਦੇ ਵੱਖ ਵੱਖ ਪਹਲੂਆਂ ਨੂੰ ਦਰਸ਼ਾਉਂਦਾ ਹੈ।



# ਅਪਣੀ ਕਾਮਯਾਬੀ ਦੇ ਬਾਰੇ ਵਿਚ ਜਾਨਕਾਰੀ ਦੇਣਾ

ਭਵਿੱਖ ਦੇ ਵਿਚ ਦ੍ਰਿਸ਼ਟੀਕੋਣ 2026 ਦੇ ਬਾਰੇ ਵਿਚ ਸੂਚਨਾ ਦੇਣਾ ਦੂਸਰੀਆਂ ਖੇਤਰੀ ਕਾਰਜ ਸਿੱਧੀ ਨੂ ਨਾਪਣ ਦੀਆਂ ਕੋਸ਼ਿਸ਼ਾਂ ਨੂੰ ਵਿਵਸਥੱਤ ਕਰਨ ਦਾ ਅਵਸਰ ਪਰਦਾਨ ਕਰੇਗਾ। ਆਪਣੀ ਕਾਰਜ ਸਿੱਧੀ ਨੂੰ ਨਾਪਣਾ ਜਿਹੜਾ ਕਿ ਯਾਰਕ ਰੀਜਨ ਦੀ ਮਓਂਸਪਲਟੀ ਨੇ ਪਹਿਲਾਂ ਤੋਂ ਹੀ ਸੁਰੂ ਕਰ ਰੱਖਿਆ ਹੈ, ਹੇਠ ਲਿਖੇ ਦ੍ਰਿਸ਼ਟੀਕੋਣ ਦੀ ਪ੍ਰਗਤੀ ਦੇ ਸੂਚਕਾਂ ਨੂੰ ਮਜ਼ਬੂਤ ਕਰੇਗਾ। ਆਪਣੀ ਕਮਿਉਨਟੀ ਨੂੰ ਦ੍ਰਿਸ਼ਟੀਕੋਣ 2026 ਦੇ ਲਕਸ਼ਾਂ ਨੂੰ ਪ੍ਰਾਪਤ ਕਰਨ ਦੇ ਰਾਹ ਤੇ ਹੋਈ ਪ੍ਰਗਤੀ ਦੇ ਬਾਰੇ ਸਾਲਾਨਾ ਜਾਨਕਾਰੀ ਦੇਣਾ ਹੀ ਇਸਦੀ ਆਖਰੀ ਕਾਮਯਾਬੀ ਹੋਵੇਗੀ।

- **ਬਹੁਭਾਂਤ ਦੀ ਆਬਾਦੀ ਲਈ ਅੱਛੀਆਂ ਕਮਿਊਨਟੀਆਂ**

    ਨਿਵਾਸੀਆਂ ਨੂੰ ਯਾਰਕ ਰੀਜਨ ਵਲ ਆਕਰਸ਼ਤ ਕਰਨਾ ਅਤੇ ਰੱਖਣਾ

    ਯਾਤਾਯਾਤ ਦੇ ਵਿਕਲਪਾਂ ਦੀ ਉਪਲੱਬਧਤਾ ਤੇ ਗੁਣਵੱਤਾ

- **ਬਿਹਤਰ ਵਾਤਾਵਰਣ, ਵਿਰਸਾ ਅਤੇ ਤਹਿਜ਼ੀਬ**

    ਹਰੀ ਪਟੀ ਦੀ ਸੰਭਾਲ ਤੇ ਵਿਕਾਸ

    ਪਾਣੀ ਦੀ ਗੁਣਵੱਤਾ ਅਤੇ ਮਾਤਰਾ

    ਯਾਰਕ ਰੀਜਨ ਵਿਚ ਕਲਾ, ਵਿਰਸਾ ਅਤੇ ਤਹਜ਼ੀਬ ਦੇ ਅਵਸਰ

    ਲੰਬੇ ਸਮੇ ਦੇ ਖੇਤੀਬਾੜੀ ਦੇ ਸਾਧਨਾਂ ਦਾ ਪ੍ਰਬੰਧ

- **ਇੱਕ ਸਜੀਵ ਆਰਥਿਕਤਾ**

    ਰੁਜ਼ਗਾਰ ਅਤੇ ਵਪਾਰ ਦੇ ਅਵਸਰ

    ਸਾਰੀ ਉਮਰ ਲਈ ਪੜਨ ਅਤੇ ਨਿਜੀ ਵਿਕਾਸ ਦੇ ਅਵਸਰ

- **ਉੱਤਰਦਾਈ ਮਨੁੱਖੀ ਸੇਵਾਵਾਂ**

    ਸਰੀਰਕ ਅਤੇ ਮਾਨਸਿਕ ਤੰਦਰੁਸਤੀ

    ਮਨੁਖੀ ਜ਼ਰੂਰਤਾਂ ਦੇ ਪ੍ਰਤੀ ਉਤਰਦਾਈ ਪ੍ਰੋਗਰਾਮਾਂ ਦੀ ਪ੍ਰਭਾਵਸ਼ਾਲਤਾ ਅਤੇ ਉਪਲੱਬਧਤਾ

    ਨਿਜੀ ਸੁਰੱਖਿਆ ਦੀ ਭਾਵਨਾ ਅਤੇ ਅਪ੍ਰਾਧ ਦਰ

- **ਸਾਡੇ ਨਿਵਾਸੀਆਂ ਵਾਸਤੇ ਘਰਾਂ ਦੇ ਵਿਕਲਪ**

  ਘਰਾਂ ਦੇ ਵਿਕਲਪਾਂ ਦੇ ਪ੍ਰਕਾਰ, ਵਿੱਤ ਸਿਰ ਹੋਣਾ ਅਤੇ ਉਪਲੱਬਧਤਾ

- **ਸੰਚਾਲਤ ਅਤੇ ਸੰਤੁਲਤ ਵਿਕਾਸ**

  ਬੁਨਿਆਦੀ ਢਾਂਚੇ ਦੇ ਵਿਕਾਸ ਤੇ ਵਿੱਤ ਦਾ ਉਨੰਤੀ ਦੇ ਨਾਲ ਤਾਲਮੇਲ

- **ਇੱਕ ਪਰਗਤੀਸ਼ੀਲ ਰੀਜਨ ਲਈ ਬੁਨਿਆਦੀ ਢਾਂਚਾ**

  ਯਾਤਾਯਾਤ ਪ੍ਰਣਾਲੀਆਂ ਦੀ ਕਾਰਜਸ਼ਮਤਾ ਅਤੇ ਕਾਰਗਰਤਾ

  ਕੂੜੇ ਨੂੰ ਘਟਾਓਣ ਅਤੇ ਪਾਸੇ ਹਟਾਓਣ ਦੀ ਨਿਸਬਤ

- **ਵਚਨਬੱਧ ਕਮਿਊਨਟੀਆਂ ਅਤੇ ਇਕ ਉੱਤਰਦਾਈ ਰੀਜਨ**

  ਨਾਗਰਿਕਾਂ ਅਤੇ ਕਮਿਊਨਟੀ ਦਾ ਯਾਰਕ ਰੀਜਨ ਦੇ ਫ਼ੈਸਲਾ ਕਰਨ ਦੀਆਂ ਪ੍ਰਕਿਰਆਵਾਂ ਵਿਚ ਸ਼ਾਮਿਲ ਹੋਣਾ

  ਨਾਗਰਿਕਾਂ ਦੀ ਖੇਤਰੀ ਸਰਕਾਰ ਤੇ ਤਸੱਲੀ

\\Ykr-fs1\Planning\PL_LRSP\Policy\P07 - Planning Committee\02062002 P&ED Comm\02062002 Final Draft Vision Text Only Attachment No 1.doc